
# ਸਤਿਯੰਮ ਸ਼ਿਵਮ ਸੁੰਦਰਮ




ਪ੍ਰੀਤਮ ਸਿੰਘ ਧੰਜਲ (ਕੈਨੇਡਾ)

# ਸਤਿਯੰਮ ਸ਼ਿਵਮ ਸੁੰਦਰਮ

ਅਮਰੀਕਾ ਦੀਆਂ ਅਸਮਾਨ ਨੂੰ ਚੁੰਮਦੀਆਂ 'ਗਰੈਂਡ ਕੈਨੀਅਨ' ਚਟਾਨਾਂ ਦਾ ਅਦਭੁਤ ਨਜ਼ਾਰਾ ਬਿਆਨ ਕਰਨਾ ਬਹੁਤ ਮੁਸ਼ਕਲ ਹੈ । ਇਹਨਾਂ ਚਟਾਨਾਂ ਦੇ ਉਪਰ ਪੱਧਰੀਆਂ ਸੜਕਾਂ ਤੇ ਟੁਰਦੇ ਯਾਤਰੀ ਕੁਦਰਤ ਦੀ ਗੋਦ ਵਿਚ ਗੁਆਚ ਜਾਂਦੇ ਹਨ, ਪਰ ਮਸਤੀ ਵਿਚ ਖੋਏ ਜਦੋਂ ਇਕਦਮ ਸੜਕ ਦੇ ਕਿਨਾਰੇ ਤੇ ਪਹੁੰਚਦੇ ਹਨ ਤਾਂ ਹੇਠਾਂ ਹਜ਼ਾਰਾਂ ਫ਼ੁੱਟ ਡੂੰਘੀ ਭਿਆਨਕ ਖਾਈ ਵੇਖਕੇ ਉਹਨਾਂ ਦਾ ਤ੍ਰਾਹ ਨਿਕਲ ਜਾਂਦਾ ਹੈ। ਬਹੁਤੇ ਲੋਕ ਕੁਦਰਤ ਦੀ ਐਨੀ ਡੂੰਘੀ ਸਚਾਈ ਵਲ ਇਕ ਦੋ ਮਿੰਟਾਂ ਤੋਂ ਵੱਧ ਨਹੀਂ ਵੇਖ ਸਕਦੇ । ਚੱਕਰ ਖਾ ਜਾਂਦੇ ਹਨ ਅਤੇ ਸਾਹ ਆਉਣਾ ਵੀ ਮੁਸ਼ਕਲ ਹੋ ਜਾਂਦਾ ਹੈ । ਪਰ ਜੇ ਕੋਈ ਇਨਸਾਨ ਹਿੰਮਤ ਕਰਕੇ ਇਹਨਾਂ ਨੂੰ ਵੇਖਦਾ ਰਹੇ ਤਾਂ ਵਿਸਮਾਦ ਨਾਲ ਭਰਪੂਰ ਹੋ ਜਾਂਦਾ ਹੈ ।

ਸਤਿਯੰਮ ਸ਼ਿਵਮ ਸੁੰਦਰਮ? ਵਿਚ ਵੀ ਪਾਠਕ ਦਾ ਤ੍ਰਾਹ ਕੱਢ ਦੇਣ ਵਾਲੀ ਸਚਾਈ ਭਰੀ ਹੋਈ ਹੈ । ਜਿਹੜਾ ਦਲੇਰ ਪਾਠਕ ਇਸ ਕਾਵਿ ਸੰਗ੍ਰਹਿ ? ਅਡੋਲਤਾ ਨਾਲ ਪੜ੍ਹਦਾ ਰਹੇਗਾ, ਉਹ ਬੇਸ਼ੁਮਾਰ ਅਚੰਬੇ ਅਤੇ ਆਨੰਦ ਵਿਚ ਖੋ ਜਾਏਗਾ ।

ਡਾਕਟਰ ਜਸਵੰਤ ਸਿੰ ਬੱਗਾ
ਸੰਪਾਦਕ: 'ਸਮੁੰਦਰ ਦੇ ਦੋਵੇਂ ਪਾਸਿਓਂ'
ਬਲੂਮਫ਼ੀਲਡ ਹਿਲਜ਼
ਮਿਸ਼ੀਗਨ, ਯੂ. ਐਸ. ਏ.

↓ਤਤਕਰਾ↓

# ਸਤਿਯੰਮ ਸ਼ਿਵਮ ਸੁੰਦਰਮ

'ਆਪਣੇ ਮਨ ਦੇ ਚੈਨ' ਲਈ ਵਿਸ਼ਵ-ਅਮਨ ਦੀ ਭਾਲ ਵਿਚ ਨਿਕਲਿਆ ਤਾਂ ਦੇਸ਼, ਪ੍ਰਾਂਤ, ਨਗਰ, ਮੁਹੱਲਾ, ਗਲੀ ਅਤੇ ਘਰ ਤੋਂ ਹੁੰਦਾ ਹੋਇਆ, ਆਪਣੇ ਆਪ ਤਕ ਆ ਪਹੁੰਚਿਆ। ਅਮਨ, ਹਰ ਕਿਸੇ ਦਾ ਨਿੱਜੀ ਹੈ। ਏਥੇ, ਸਿਰਫ਼ ਮੇਰੇ ਆਪਣੇ ਅੰਤਰ-ਭਾਵ ਹੀ ਹਨ।

'ਸਤਿਯੰਮ ਸ਼ਿਵਮ ਸੁੰਦਰਮ' ਕਾਵਿ-ਕਹਾਣੀ ਦੇ ਤਿੰਨ ਹਿੱਸੇ ਹਨ।

ਪਹਿਲੇ ਹਿੱਸੇ ਵਿਚ ਇਕ ਬਜ਼ੁਰਗ ਆਦਮੀ ਨੂੰ 'ਸਤਿਯੰਮ ਸ਼ਿਵਮ ਸੁੰਦਰਮ' ਦੀ ਧੁਨ ਗਾ ਰਿਹਾ ਦੇਖ ਕੇ ਸ਼ਾਇਰ ਉਸ ਨਾਲ ਅਸਹਿਮਤੀ ਪ੍ਰਗਟਾਉਂਦਾ ਹੈ। ਉਹ ਉਸ ਨੂੰ ਉੱਨੀ ਸੌ ਨੱਬੇਵਿਆਂ ਵਿਚ ਬੌਸਨੀਆਂ, ਰਵਾਂਡਾ, ਸੁਮਾਲੀਆ ਅਤੇ ਦੁਨੀਆਂ ਦੀ ਗਲੀ ਗਲੀ ਵਿਚ ਹੁੰਦੇ ਜ਼ੁਲਮ ਵੱਲ ਇਸ਼ਾਰਾ ਕਰਕੇ ਆਖਦਾ ਹੈ ਕਿ, "ਸਤਿਯੰਮ ਸ਼ਿਵਮ ਸੁੰਦਰਮ ਕਿਸ ਤਰ੍ਹਾਂ ਹੋ ਸਕਦਾ ਹੈ?"

ਦੂਸਰੇ ਹਿੱਸੇ ਵਿਚ 'ਵਿਸ਼ਵ-ਸੱਭਿਅਤਾ' ਸ਼ਾਇਰ ਨੂੰ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ 'ਸਤਿਯੰਮ ਸ਼ਿਵਮ ਸੁੰਦਰਮ' ਕਿਸ ਤਰ੍ਹਾਂ ਹੈ।

ਤੀਸਰੇ ਹਿੱਸੇ ਵਿਚ 'ਸਤਿਯੰਮ ਸ਼ਿਵਮ ਸੁੰਦਰਮ' ਦੇਖ ਰਹੇ ਬਜ਼ੁਰਗ ਦੇ ਮਨ ਦੀ ਅਵਸਥਾ ਹੈ।

ਇਸ ਵਿਚ ਕੁਝ ਗੱਲਾਂ ਭਾਰਤੀ ਸੱਭਿਅਤਾ ਨਾਲ ਮੇਲ ਨਹੀਂ ਖਾਂਦੀਆਂ ਸੋ ਹੋ ਸਕਦਾ ਹੈ ਕਿ ਪਾਠਕ ਨੂੰ ਨਵੀਆਂ ਜਾਂ ਗ਼ਲਤ ਲੱਗਣ।

ਮੁੱਖ ਪੰਨੇ ਲਈ 'ਸਤਿਯੰਮ ਸ਼ਿਵਮ ਸੁੰਦਰਮ' ਕਾਵਿ-ਕਹਾਣੀ ਦੀ ਰੂਹ ਨੂੰ ਰੰਗਾਂ ਵਿਚ ਢਾਲਿਆ, ਬਹੁਤ ਪੁਰਾਣੇ ਦੋਸਤ ਜੋਗਿੰਦਰ ਬੜੈਚ ਨੇ। ਏਸ ਲਈ ਮੈਂ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ।

ਡਾਕਟਰ ਜਸਵੰਤ ਸਿੰਘ ਬੱਗਾ ਹੁਰਾਂ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਇਕ ਦਲੇਰ ਪਾਠਕ ਬਣ ਕੇ, 'ਸਤਿਯੰਮ ਸ਼ਿਵਮ ਸੁੰਦਰਮ' ਨੂੰ ਗਹੁ ਨਾਲ ਪੜ੍ਹਿਆ ਅਤੇ ਆਪਣੇ ਵਡਮੁੱਲੇ ਵਿਚਾਰ ਲਿਖੇ।

ਪ੍ਰੀਤਮ ਸਿੰਘ ਧੰਜਲ
ਸਤੰਬਰ 1996

↓ ਤਤਕਰਾ ↓

ਪੰਜਾਬੀ ਕਾਵਿ-ਸੰਗ੍ਰਹਿ

# ਸਤਿਯੰਮ ਸ਼ਿਵਮ ਸੁੰਦਰਮ

ਲੇਖਕ: ਪ੍ਰੀਤਮ ਸਿੰਘ ਧੰਜਲ

First Edition: Hard Cover 1996
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

© ਸਭ ਹੱਕ ਕਰਤਾ ਦੇ ਰਾਖਵੇਂ ਹਨ।

Cover Design: Joginder Bratch

Graphics: Pritam S Dhanjal

**ਮਿਲਨ ਪਬਲਿਸ਼ਰਜ਼, ਕੈਨੇਡਾ**

---

Punjabi Poetry

# Satyam Shivam Sunderam

By: Pritam Singh Dhanjal

First Edition: Hard Cover 1996
Second Edition: This *.pdf format, January 2018

Web Address: http://www.dhanjal.com
E-Mail Address: pritam@dhanjal.com

**© The Author**

All rights reserved under International and Pan-American Convention.

No Part of this book may be reproduced in any form or media for commercial use, without the written prior consent of the Author.

Cover Design: Joginder Bratch

Graphics: Pritam S Dhanjal

**Milan Publishers, Canada.**

↓ਤਤਕਰਾ↓

# ਏਸੇ ਕਲਮ ਤੋਂ:

**ਮਿਲਨ** – ਉਰਦੂ ਕਾਵਿ-ਸੰਗ੍ਰਹਿ – 1989

**ਸੁਚੇਤ ਸੁਪਨੇ** – ਪੰਜਾਬੀ ਕਾਵਿ-ਸੰਗ੍ਰਹਿ – 1989

**ਤੁਲਸੀ ਦੇ ਪੱਤਰ** – ਪੰਜਾਬੀ ਕਾਵਿ-ਸੰਗ੍ਰਹਿ – 1992

**ਸਤਿਯੰਮ ਸ਼ਿਵਮ ਸੁੰਦਰਮ** – ਪੰਜਾਬੀ ਕਾਵਿ-ਸੰਗ੍ਰਹਿ – 1996

**ਨਿਰਪ** – ਪੰਜਾਬੀ ਕਾਵਿ-ਸੰਗ੍ਰਹਿ – 2003

**ਕਪਨ** – ਪੰਜਾਬੀ ਕਾਵਿ-ਸੰਗ੍ਰਹਿ – 2009

**ਨ੍ਹੇਰਾ** – ਪੰਜਾਬੀ ਕਾਵਿ-ਸੰਗ੍ਰਹਿ – 2010

# From the same Author

**MILAN** – Urdu Poetry - 1989

**SUCHET SUPNE** – Punjabi Poetry – 1989

**TULSI DE PATTAR** - Punjabi Poetry – 1992

**SATYAM SHIVAM SUNDERAM** - Punjabi Poetry – 1996

**NIRP** - Punjabi Poetry – 2003

**KAPAN** - Punjabi Poetry – 2009

**NEHRA** - Punjabi Poetry - 2010

↓ਤਤਕਰਾ↓

# ਤਤਕਰਾ

## ਕਵਿਤਾਵਾਂ


8 ਇਸ ਕਿਤਾਬ ਵਿਚੋਂ ਕੁਝ ਸ਼ੇਅਰ
10 ਸਤਿਯੰਮ ਸ਼ਿਵਮ ਸੁੰਦਰਮ-1
28 ਸਤਿਯੰਮ ਸ਼ਿਵਮ ਸੁੰਦਰਮ-2
59 ਸਤਿਯੰਮ ਸ਼ਿਵਮ ਸੁੰਦਰਮ-3
62 ਜੋ ਸੁਖ ਛੱਜੂ ਦੇ ਚੁਬਾਰੇ .. ..

63 ਵਿਕਸਤ
64 ਦੋਹੇ
66 ਸੋਚ ਵਿਚਾਰ
68 ਜੀਵਨ ਰਾਹ
69 ਇਕ ਕਦਮ ਇਕ ਦਰਵਾਜ਼ੇ 'ਚੋਂ

70 ਜ਼ਿੰਦਗੀ! ਐ ਜ਼ਿੰਦਗੀ!!
71 ਉੱਚੀਆਂ ਲੰਮੀਆਂ ਟ੍ਹਾਲੀਆਂ
72 ਇਕ ਤਰਫ਼ੀ ਸੋਚ
72 ਤੱਤ / ਭੁਲੇਖੇ
73 ਪੰਜਾਬ

75 ਪ੍ਰਵਾਸੀ ਦੇ ਨਾਮ
76 ਇਕ ਸ਼ੇਅਰ
76 ਵਿਦਾਇਗੀ
76 ਸ਼ਾਂਤੀ ਪੁਰਸਕਾਰ
77 ਚੇਤਾਵਨੀ

79 ਮੁਬਾਰਕ, ਦੱਖਣੀ ਅਫ਼੍ਰੀਕਾ!
81 ਟੈਰੀ ਫ਼ੌਕਸ
82 ਪੱਛਮੀਂ ਲਹਿਰਾਂ
83 ਇਕ ਪ੍ਰਛਾਵਾਂ ਅੱਗੇ
84 ਤੂੰ ਤੇ ਮੈਂ

85 ਮੇਰੀ ਜ਼ਿੰਦਗੀ 'ਚੋਂ ਜਾ ਕੇ
86 ਮੈਂ ਪਰਵਾਸੀ
87 ਉਹ ਜੀਵਨ ਦਾ ਰਸ ਕੀ ਮਾਣੇ?
88 ਕੁਝ ਸ਼ੇਅਰ

# ਤਤਕਰਾ

## .ਗਜ਼ਲ / ਅ.ਗਜ਼ਲ


89 ਇਹ ਤਬੀਅਤ
89 ਜ਼ਿੰਦਗੀ ਤਾਂ ਉਮਰ ਭਰ ਸੌਦਾ ਰਿਹਾ ਹੈ
90 ਫੁੱਲਾਂ ਦੀ ਭਰੀ ਡਾਲੀ
90 ਰੱਦੀ ਦੇ ਕਾਗ਼ਜ਼ਾਂ ਤੋਂ

91 ਮਿਲਦੀ ਰਹੀ ਕਿਸੇ ਦੀ ਮੁਹੱਬਤ
91 ਬੱਦਲੀਆਂ ਉੱਠ ਕੇ
92 ਯਾਦਾਂ ਦੀ ਪੰਡ ਚੁੱਕੀ
92 ਰਾਜ਼ ਕਿਸ ਦਾ ਭਲਾ ਨਹੀਂ ਹੁੰਦਾ

93 ਆ ਦਲਿੱਦਰ ਦੀ ਕਹਾਣੀ ਛੇੜੀਏ
94 ਅਲਖ ਮੁਕਾਉਣ ਦੀ ਗੱਲ ਕਰਦੇ ਨੇ
94 ਇਕ ਛੜੱਪਾ, ਦੋ ਛੜੱਪੇ, ਤਿੰਨ ਛੜੱਪੇ ਜ਼ਿੰਦਗੀ
95 ਜਦ ਤੇਰੇ ਕੋਲ ਤੇਰੇ ਹੀ ਬੋਲ ਆਉਣਗੇ

95 ਮੁਹੱਬਤਾਂ ਦੀ ਯਾਦ ਆਈ
96 ਭੁੱਲਿਆਂ ਭਟਕਿਆਂ ਅੱਗੇ
96 ਕੌਣ ਕਹਿੰਦਾ ਹੈ ਕਿ
97 ਜਿਹਨੂੰ ਜਦ ਬੁਲਾਵਾਂ ਆ ਸਕੇ

97 ਉਂਜ ਤੇ ਆਖਣ ਨੂੰ
98 ਸਜਦਾ ਕੀਤਾ ਤੇ ਨਾ ਗਿਲਾ ਕੀਤਾ
99 ਜ਼ਿੰਦਗੀ ਦਾ ਜਵਾਬ ਕੀ ਹੋਵੇ
100 ਅਰਥ ਭਰੀ ਨਿਗਾਹ ਹੈ ਤੇਰੀ

101 ਭਰੋਸਾ ਜੇ ਕਿਸੇ ’ਤੇ ਨਹੀਂ
102 ਕੋਈ ਜਾਣੇ ਤਾਂ ਕੀ ਜਾਣੇ
102 ਜਦ ਆਪਣੀਆਂ ਨਜ਼ਰਾਂ ਸਾਹਵੇਂ
103 ਵਫ਼ਾ ਨਾ ਭਾਲ

103 ਖ਼ਬਤ ਹੋਈ ਜ਼ਿੰਦਗੀ
104 ਤੁਰੇਗਾ ਤੁਰੇਗਾ ਤੁਰੇਗਾ
105 ਜਦ ਤਾਈਂ ਆਸਾਂ ਦੇ ਨਾਲ
105 ਆਪਣੇ ਵੱਲੋਂ ਮੈਂ ਤਾਂ

106 ਅੰਤਿਕਾ

ਇਸ ਕਿਤਾਬ ਵਿਚੋਂ

## ਕੁਝ ਸ਼ੇਅਰ

ਤੂੰ ਤਾਂ ਆਖੇਂ,"ਕੰਡੇ ਕਿਉਂ ਨੇ
ਏਥੇ, ਜਿੱਥੇ ਫੁੱਲ ਖਿਲੇ ਨੇ?"
ਪਰ ਇਹ ਵੀ ਤਾਂ ਸੋਚ ਕਿ,
ਏਥੇ ਕੰਡਿਆਂ ਨੂੰ ਵੀ ਫੁੱਲ ਮਿਲੇ ਨੇ।

ਜੀਵਨ ਸੌਖਾ ਕਰਨ ਦੇ ਲਈ,
ਚੇਤਨਾ ਵਿਚ ਸਬੱਬ ਬਣੇ ਨੇ,
ਇਸ ਦਾ ਸਾਥ ਜੋ ਲੈ ਕੇ ਚੱਲੇ,
ਰੱਬ ਲੱਭਿਆ ਨਹੀਂ ਰੱਬ ਬਣੇ ਨੇ।

ਜਦ ਸਾਡਾ, ਸਾਡੀ ਆਪਣੀ ਹੀ
ਸੀਮਾਂ ਦਾ ਡਰ ਮਿਟ ਜਾਵੇਗਾ,
ਤਾਂ ਉਸ ਵੇਲੇ ਹਰ ਇਕ ਜ਼ੱਰਾ,
ਸਾਨੂੰ ਸੁੰਦਰ ਨਜ਼ਰ ਆਵੇਗਾ।

ਆਪਣਾ ਦੇਸ਼ ਨਾ ਰੋਜ਼ੀ ਦੇਵੇ,
ਬਾਹਰ ਜਾਵੇ ਕੋਈ,
ਜੀਂਦੇ ਹੀ ਪ੍ਰਵਾਸੀ ਦੇ ਘਰ,
ਬੀਵੀ ਵਿਧਵਾ ਹੋਈ।

ਗੱਲਾਂ ਕਰਦੀ ਕਰਦੀ ਜਿਹੜੀ ਰੋ ਪਈ,
ਉਸ ਦੀ ਸੱਧਰ ਦੀ ਕਹਾਣੀ ਛੇੜੀਏ।

ਜਦ ਸਾਧਨਾ ਦੇ ਰੁੱਖ 'ਤੇ,
ਮੁਕਤੀ ਦਾ ਬੂਰ ਆਇਆ,
ਜੀਵਨ ਦੀ ਆਰਜ਼ੂ ਨੇ,
ਝੰਬੀ ਹਰੇਕ ਡਾਲੀ।

ਇਕ ਧਰਤੀ, ਇਕ ਮੌਸਮ, ਇਕ ਜੜ੍ਹ, ਇਕ ਸ਼ਾਖ਼ ਹੈ,
ਦੇਖ! ਪਰ ਕਿੰਨਾ ਫ਼ਰਕ ਹੈ, ਫੁੱਲ ਵਿਚ ਤੇ ਖਾਰ ਵਿਚ।

ਚਿੜੀ ਚੁੰਝ ਭਰ ਕੇ ਲੈ ਜਾਵੇ, ਨਦੀਓਂ ਨੀਰ ਘਟੇ ਨਾ,
ਪਰ ਮਿਹਰਾਮਤ ਦਾ ਬੱਦਲ, ਨਾ ਸਾਗਰ 'ਤੇ ਬਰਸਾਣਾ।

↑ਤਤਕਰਾ↑

ਹਜ਼ਾਰਾਂ ਸਾਲ ਲਾ ਕੇ ਇਨਸਾਨਾਂ ਦੁਨੀਆਂ ਸੁਵਾਰੀ ਹੈ,
ਹਜ਼ਾਰਾਂ ਸਾਲ ਤੋਂ ਇਨਸਾਨ ਹੀ ਦੁਨੀਆਂ 'ਤੇ ਭਾਰੀ ਹੈ,
ਅਮਨ ਦਾ ਇਕ ਸੁਨੇਹਾਂ, ਮਾਨਵਤਾ ਨੂੰ ਕਿਸ ਪੁਚਾਣਾ ਹੈ?
ਅਮਨ ਦੇ ਰਹਿਬਰਾਂ ਵਿਚ ਏਸ ਬਾਰੇ ਜੰਗ ਜਾਰੀ ਹੈ।

ਖ਼ੁਸ਼ੀ ਲਈ ਦੁਆ ਕਰਨੀ ਤਾਂ ਸੋਚ ਕੇ ਕਰਨੀ,
ਖ਼ੁਸ਼ੀ ਇਕ ਮਾਨਸਿਕ ਬੀਮਾਰੀ ਹੈ।
'ਨਿਰੰਤਰ ਹੋਂਦ' ਇਸਦੀ, ਹੁੰਦੀ ਨਰਕ ਜੀਵਨ ਦਾ,
ਉਮਰ ਭਰ ਦੀ ਖ਼ੁਸ਼ੀ ਕਿਸ ਨੇ ਸਹਾਰੀ ਹੈ।

ਬੱਚੇ ਨੇ ਤੁਰਨਾ ਸਿੱਖਿਆ ਹੈ ਆਸਰੇ ਬਿਨਾ,
ਪੈਂਡੇ ਦੀ ਲੋੜ 'ਕਾਫ਼ਲਾ' 'ਬਾਰਾਤ' ਨਾ ਰਹੇ,
ਬੀਜਣ ਅਤੇ ਵੱਢਣ ਸਮੇਂ ਮੰਗਾਂ ਨਾ ਪੈਂਦੀਆਂ,
'ਸੰਗਤਾਂ' ਤੇ 'ਪੰਗਤਾਂ' ਦੇ ਹਾਲਾਤ ਨਾ ਰਹੇ।

ਰੋਗੀ ਦੇ ਲਈ ਵੈਦ ਵੀ ਜੇ ਰੋਗੀ ਹੋਵੇ ਤਾਂ ਕੀ ਹੋਇਆ?
ਨਦੀ ਨੂੰ ਸਾਗਰ ਨਾਲ ਮਿਲਾਵਣ ਲਈ, ਕਿਨਾਰੇ ਹੁੰਦੇ ਨੇ ।

ਇਹ ਆਜ਼ਾਦੀ ਦੀ ਤਾਂਘ ਹੈ, ਜਿਸ ਨੇ,
ਕੋਈ ਹਵਾ ਕੋਈ ਘਟਾ ਕੀਤਾ।

ਤਨ ਦੇ ਰੋਗ ਨੂੰ ਤਨ ਆਪੇ ਦੂਰ ਕਰ ਸਕਦੈ,
ਐਵੇਂ ਵਿਸ਼ਵਾਸ ਹੈ ਲੋਕਾਂ ਦਾ, ਦਵਾਈ ਅੰਦਰ।

ਹਰ ਝਗੜੇ ਦਾ ਹਰ ਜਗਹ ਮੂਲ ਬਣੇ ਅਨੰਦ,
ਆਪਣੇ ਪੈਰੀਂ ਆਪ ਹੀ ਸੂਲ ਬਣੇ ਅਨੰਦ।

ਇੱਛਾ ਪ੍ਰਗਟ ਹੋਣ ਦੀ ਚਾਨਣ ਨੂੰ ਲੋਚੇ,
ਉਂਜ ਤਾਂ ਨ੍ਹੇਰੇ ਵਿਚ ਵੀ ਹੈਨ ਅਨੰਦ ਬੜੇ।

ਸਤਿ ਅਸਤਿ ਦੇ ਫ਼ਰਕ ਨੂੰ ਭਲਾ ਉਹ ਜਾਣੇ ਕੀ!
ਜਿਸ ਦੀ ਉਮਰਾ 'ਓਸ ਦੀ ਰਜ਼ਾ' 'ਚ ਗੁਜ਼ਰ ਗਈ।

ਤੂੰ ਆਖੇਂ ਉਹ ਨੂਰ ਹੈ, ਮੈਂ ਆਖਾਂ ਉਹ ਨ੍ਹੇਰ,
ਜੇ ਉਹ ਦੋਵੇਂ ਹੈ ਨਹੀਂ ਤਾਂ ਉਹ ਰੱਬ ਨਹੀਂ ਫੇਰ।

ਚੱਟਾਨਾਂ ਦੀ ਕਮਜ਼ੋਰੀ ਵੀ ਪਾਣੀ ਲੱਭ ਲੈਂਦਾ ਹੈ,
ਉਹ ਨਿਰੰਤਰ ਤੁਰਿਆ ਜਾਵੇ, ਵਿੱਥਾਂ ਵਿਰਲਾਂ ਥਾਣੀ।

↑ ਤਤਕਰਾ ↑

## ਸਤਿਯੰਮ ਸ਼ਿਵਮ ਸੁੰਦਰਮ–1

ਸਤਿਯੰਮ ਸ਼ਿਵਮ ਸੁੰਦਰਮ!
ਸਤਿਯੰਮ ਸ਼ਿਵਮ ਸੁੰਦਰਮ!!
ਸਤਿਯੰਮ ਸ਼ਿਵਮ ਸੁੰਦਰਮ!!!

ਸਤਿਯੰਮ ਸ਼ਿਵਮ ਸੁੰਦਰਮ?
ਸਤਿਯੰਮ ਸ਼ਿਵਮ ਸੁੰਦਰਮ??
ਸਤਿਯੰਮ ਸ਼ਿਵਮ ਸੁੰਦਰਮ???

ਸਤਿਯੰਮ ਸ਼ਿਵਮ ਸੁੰਦਰਮ, ਕਹਿਣ ਵਾਲੇ!
ਇਹ ਸ਼ਾਇਰ ਤੇਰੇ ਨਾ਼ਲ ਸਹਿਮਤ ਨਹੀਂ ਹੈ।
ਬੜਾ ਕੋਝ ਵੀ ਹੈ ਧਰਤੀ ਦੇ ਉਂਤੇ,
ਇਹ ਦੁਨੀਆਂ ਨਿਰੀ ਖ਼ੂਬਸੂਰਤ ਨਹੀਂ ਹੈ।

ਤੇਰੇ ਲਈ ਤਾਂ 'ਥਾਂ' ਦਾ ਵੀ ਮਤਲਬ ਨਹੀਂ ਕੋਈ,
ਸੋ ਆ ! ਤੈਨੂੰ ਆਪਣੀ ਨਜ਼ਰ ਵਿਚ ਬਿਠਾਵਾਂ।
ਤੇਰੇ 'ਵਕਤ' ਵਿਚ, ਭਾਵੇਂ ਨਾ ਦਿਨ ਨਾ ਰਾਤਾਂ,
ਆ ! ਮੈਂ ਤੈਨੂੰ ਇਕ ਸ਼ਾਮ, ਆਪਣੀ ਦਿਖਾਵਾਂ।

ਅੱਜ 4 ਦਸੰਬਰ, ਮੱਸਿਆ ਦਾ ਦਿਨ ਹੈ।

ਅੱਜ ਦੀ ਸ਼ਾਮ ਚੰਦ ਨੂੰ ਕਹਿ ਦਿਓ, ਆਵੇ ਜਾਂ ਨਾ ਆਵੇ,
ਅੱਜ ਦੀ ਸ਼ਾਮ, ਘਰ ਮੇਰੇ ਮੇਰਾ ਮਹਿਬੂਬ ਆਇਆ ਹੈ।

ਅੱਜ ਦੀ ਸ਼ਾਮ ਬਰਫ਼ ਨੂੰ ਕਹਿ ਦਿਓ, ਇਹ ਫੁੱਲ ਬਰਸਾਵੇ,
ਮੇਰਾ ਮਹਿਬੂਬ ਬਹਾਰਾਂ ਜਿਹਾ ਮੌਸਮ ਲਿਆਇਆ ਹੈ।

ਅੱਜ ਦੀ ਸ਼ਾਮ ਭੌਰੇ ਨੂੰ ਕਹੋ, ਕੁਝ ਗੁਣਗੁਣਾ ਦੇਵੇ,
ਕਿ ਅੱਜ ਦਿਲ ਦੀ ਕਲੀ ਨੇ ਮੁੱਖ ਤੋਂ ਘੁੰਘਟ ਉਠਾਇਆ ਹੈ।

ਅੱਜ ਦੀ ਸ਼ਾਮ ਹਵਾ ਨੂੰ ਕਹਿ ਦਿਓ, ਇਹ ਤੇਜ਼ ਨਾ ਚੱਲੇ,
ਕਿ ਮੈਂ ਏਥੇ ਮੁਹੱਬਤ ਦਾ ਇਕ ਦੀਪਕ ਜਗਾਇਆ ਹੈ।

ਮੇਰਾ ਮਹਿਬੂਬ ਆਇਆ ਹੈ ; ਭੌਰਾ ਗੁਣਗੁਣਾਇਆ ਹੈ।

↑ ਤਤਕਰਾ ↑

1. ਮੇਰਾ ਮਹਿਬੂਬ ਆਇਆ ਹੈ ; ਭੌਰਾ ਗੁਣਗੁਣਾਇਆ ਹੈ।

ਨੀਂ ਕਲੀਏ! ਹੁਣ ਫੁੱਲ ਬਣ ਜਾ।
ਰੁੱਤ ਆਈ ਏ, ਮਹਿਕ ਲੁਟਾ।

ਮਾਣਮੱਤੀ ਹਾਂ, ਨਾਜ਼ ਉਠਾ।
ਗੁਨ ਗੁਨ ਗੁਨ ਗੁਨ ਗੁਨ ਗੁਨ ਗਾ।

ਤੇਰੇ ਹੁਸਨ ਦਾ ਨਾਜ਼ ਫ਼ਿਜ਼ਾਂ ਅੰਦਰ,
ਅਣਭੋਲ਼ ਸ਼ਰਾਰਤਾਂ ਕਰ ਗਿਆ ਏ।
ਤੇਰੀ ਚਾਹਤ ਦਾ ਰੰਗ ਦਿਲਾਂ ਅੰਦਰ,
ਹੁਣ ਤੇ ਕੰਢਿਆਂ ਤੀਕਰਾਂ ਭਰ ਗਿਆ ਏ।
ਤੇਰੀ ਪੂਜਾ ਲਈ ਧਰਮ ਈਮਾਨ ਆਪਣਾ,
ਕੋਈ ਧਰਨ ਆਇਆ ਕੋਈ ਧਰ ਗਿਆ ਏ।
ਤੇਰੇ ਜ਼ਾਲਿਮ ਸ਼ਬਾਬ ਦੀ ਮਾਰ ਖਾ ਕੇ,
ਕੋਈ ਸਹਿਕਦਾ ਏ, ਕੋਈ ਮਰ ਗਿਆ ਏ।

ਮੋਇਆਂ ਹੋਇਆਂ ਨੂੰ ਫੇਰ ਜਿਵਾ,
ਨੀਂ ਕਲੀਏ ! ਹੁਣ ਫੁੱਲ ਬਣ ਜਾ।
ਰੁੱਤ ਆਈ ਏ ਮਹਿਕ ਲੁਟਾ।

ਮੈਨੂੰ ਜਿਨ੍ਹਾਂ ਬਹਾਰਾਂ ਨੇ ਜਨਮ ਦਿੱਤਾ,
ਮੈਂ ਵੀ ਉਨ੍ਹਾਂ ਦਾ ਮਾਣ ਵਧਾਇਆ ਹੈ।
ਸੱਤ ਰੰਗਾਂ ਦਾ ਝੂਲਣਾ ਝੂਲਿਆ ਮੈਂ,
ਸਰਸਵਤੀ ਨੇ ਗੋਦ ਖਿਡਾਇਆ ਹੈ।
ਮੈਨੂੰ ਮੇਰੇ ਚੌਗਿਰਦੇ ਨੇ ਸੂਝ ਦੇ ਕੇ,
ਕੀ ਹਾਂ? ਆਪਣਾ ਆਪ ਦਿਖਾਇਆ ਹੈ।
ਸੀਰਤ ਨਾਲ਼ ਹੈ ਸੂਰਤ ਦਾ ਮੇਲ਼ ਸੁਹਣਾ,
ਤੇਰੀ ਨਜ਼ਰ ਅਹਿਸਾਸ ਕਰਾਇਆ ਹੈ।

ਸਿੱਖ ਸਲੀਕਾ ਇਸ਼ਕਾਂ ਦਾ।
ਮਾਣਮੱਤੀ ਹਾਂ, ਨਾਜ਼ ਉਠਾ।
ਗੁਨ ਗੁਨ ਗੁਨ ਗੁਨ ਗੁਨ ਗੁਨ ਗਾ।

↑ ਤਤਕਰਾ ↑

ਗੋਰੇ ਚਿਹਰੇ 'ਤੇ ਮੇਲ੍ਹ ਕੇ ਇਹ ਜ਼ੁਲਫ਼ਾਂ,
ਤੁਰਿਆਂ ਜਾਂਦਿਆਂ ਰਾਹੀਆਂ ਨੂੰ ਡੰਗਦੀਆਂ ਨੇ।
ਇਨ੍ਹਾਂ ਕੋਲੋਂ ਸ਼ਰਮਾ ਕੇ ਰਹਿ ਗਈਆਂ,
ਘਟਾਂ ਕਾਲ਼ੀਆਂ ਵੀ ਪਾਣੀ ਮੰਗਦੀਆਂ ਨੇ।
ਤੇਰੇ ਬੂਹੇ ਅੱਗੇ ਆ ਕੇ ਕਰਨ ਸੱਜਦਾ,
ਜਦੋਂ ਜਦੋਂ ਜਵਾਨੀਆਂ ਲੰਘਦੀਆਂ ਨੇ।
ਨਜ਼ਰਾਂ ਤੇਰੀਆਂ ਕਿਸੇ ਦੀ ਭਾਲ਼ ਅੰਦਰ,
ਸਭ ਨੂੰ ਆਪਣੇ ਰੰਗ ਵਿਚ ਰੰਗਦੀਆਂ ਨੇ।

ਆ ਨੇੜੇ, ਆ ਹੱਥ ਫੜਾ।
ਨੀਂ ਕਲੀਏ ! ਹੁਣ ਫੁੱਲ ਬਣ ਜਾ।
ਰੁੱਤ ਆਈ ਏ, ਮਹਿਕ ਲੁਟਾ।

ਤਨ ਬਦਨ ਦੀ ਗੱਲ ਹੀ ਕਰੀ ਜਾਵੇਂ,
ਇਸ ਤੋਂ ਵਧ ਕੇ ਔਰਤ ਹੋਰ ਵੀ ਹੈ।
ਹੁਸਨ ਢਲ਼ ਜਾਵੇ, ਜੀਵਨ ਨਹੀਂ ਮਿਟਦਾ,
ਏਸ ਜੀਵਨ ਦੀ ਦੌਲਤ ਹੋਰ ਵੀ ਹੈ।
ਉਹ ਹੀ ਨਹੀਂ ਜੋ ਜਿਸਮ ਨੂੰ ਹੋ ਸਕਦੀ,
ਇਸ ਤੋਂ ਬਿਨਾਂ ਮੁਹੱਬਤ ਹੋਰ ਵੀ ਹੈ।
ਪਿਆਰ ਸਿਰਫ਼ ਇਕ ਕਲੀ ਜਾਂ ਫੁੱਲ ਹੀ ਨਹੀਂ,
ਸਗੋਂ ਇਹਦੀ ਹਕੀਕਤ ਹੋਰ ਵੀ ਹੈ।

ਕੰਡਿਆਂ ਤੋਂ ਦੀ ਤੁਰ ਕੇ ਆ।
ਮਾਣਮੱਤੀ ਹਾਂ, ਨਾਜ਼ ਉਠਾ।
ਗੁਨ ਗੁਨ ਗੁਨ ਗੁਨ ਗੁਨ ਗੁਨ ਗਾ।

2. ਅੱਜ ਦੀ ਸ਼ਾਮ ਕਾਣੀ-ਵੰਡ ਨੇ ਫਿਰ ਸਿਖਰ ਛੋਹੀ ਹੈ,
ਅੱਜ ਦੀ ਸ਼ਾਮ ਸਾਰੇ ਸ਼ਹਿਰ ਵਿਚ ਫ਼ਿਰਕਾ-ਪ੍ਰਸਤੀ ਹੈ।
ਅੱਜ ਦੀ ਸ਼ਾਮ ਤਾਕਤਵਰ ਨੇ ਇਹ ਐਲਾਨ ਕੀਤਾ ਹੈ,
"ਇਹਦਾ ਸਭ ਕੁਝ ਹੀ ਮੇਰਾ ਹੈ, ਇਹ ਸਾਰੀ ਮੇਰੀ ਬਸਤੀ ਹੈ।"

↑ਤਤਕਰਾ↑

ਹਜ਼ਾਰਾਂ ਸਾਲ ਲਾ ਕੇ ਇਨਸਾਨਾਂ ਦੁਨੀਆਂ ਸੁਵਾਰੀ ਹੈ ;
ਹਜ਼ਾਰਾਂ ਸਾਲ ਤੋਂ ਇਨਸਾਨ ਹੀ ਦੁਨੀਆਂ 'ਤੇ ਭਾਰੀ ਹੈ।
ਅਮਨ ਦਾ ਇਕ ਸੁਨੇਹਾਂ, ਮਾਨਵਤਾ ਨੂੰ ਕਿਸ ਪੁਚਾਣਾ ਹੈ,
ਅਮਨ ਦੇ ਰਹਿਬਰਾਂ ਵਿਚ ਏਸ ਬਾਰੇ ਜੰਗ ਜਾਰੀ

ਅੱਜ ਦੀ ਸ਼ਾਮ ਫਿਰ ਮਜ਼ਹਬ ਅਤੇ ਸੱਭਿਤਾ ਦੇ ਨਾਂ ਉੱਤੇ.
ਚਿੰਤਾਵਾਂ 'ਚ ਡੁੱਬੇ ਸ਼ਹਿਰ ਉੱਤੇ ਗੋਲਾਬਾਰੀ ਹੈ।
ਅੱਜ ਦੀ ਸ਼ਾਮ ਫਿਰ ਜੀਵਨ ਦੇ ਸਾਧਨ ਖ਼ਤਮ ਹੋਏ ਨੇ,
ਅੱਜ ਦੀ ਸ਼ਾਮ ਫਿਰ ਹਰ ਜ਼ਿੰਦਗੀ 'ਤੇ ਮੌਤ ਭਾਰੀ ਹੈ।

ਅੱਜ ਦੀ ਸ਼ਾਮ ਫਿਰ ਇਕ ਜਿੱਤ ਤੇ ਇਕ ਹਾਰ ਹੋਈ ਹੈ,
ਅੱਜ ਦੀ ਸ਼ਾਮ ਫਿਰ ਇਕ ਸ਼ਹਿਰ ਨੇ ਹਥਿਆਰ ਸੁੱਟੇ ਨੇ।
ਅੱਜ ਦੀ ਸ਼ਾਮ ਫਿਰ ਹਰ ਲੜਕੀ 'ਤੇ ਕਬਜ਼ਾ ਕਿਸੇ ਦਾ ਹੈ,
ਅੱਜ ਦੀ ਸ਼ਾਮ ਫਿਰ ਬੰਦਿਆਂ ਨੇ ਬੰਦੇ ਮਾਰ ਸੁੱਟੇ ਨੇ।

3.

ਫਿਰ ਅੱਜ ਦੀ ਸ਼ਾਮ ਦੇ ਨ੍ਹੇਰੇ ਵਿਚ, ਜਰਵਾਣੇ ਜਿੱਤ ਕੇ ਆਏ ਨੇ,
ਕੁੜੀਆਂ ਦਾ ਇੱਜੜ ਲਿਆਏ ਨੇ,
ਕੁਝ ਮਾਣਮੱਤੀਆਂ ਲਾਸ਼ਾਂ ਦੇ ਜਿਸਮਾਂ ਦੇ ਜਸ਼ਨ ਮਨਾਏ ਨੇ।

ਇਕ ਗਰਭਵਤੀ ਸੀ ਉਹਨਾਂ 'ਚੋਂ ਇਨ੍ਹਾਂ ਉਸ ਨੂੰ ਮਾਰ ਮੁਕਾਇਆ ਹੈ,
ਉਹਦੀ ਕੁੱਖ 'ਤੇ ਛੁਰਾ ਚਲਾਇਆ ਹੈ।
"ਏਥੇ ਵੈਰੀ ਨਹੀਂ ਜਨਮੇਗਾ", ਇਹ ਸਭ ਨੂੰ ਆਖ ਸੁਣਾਇਆ ਹੈ।

ਇਹ ਮਲਕੀਅਤ ਦੀ ਹਵਸ ਹੈ, ਜੋ , ਕਈ ਕੋਝੇ ਕੰਮ ਕਰਾਉਂਦੀ ਹੈ।
ਕਮਜ਼ੋਰ ਨੂੰ ਪਿੰਜਰੇ ਪਾਉਂਦੀ ਹੈ।
ਕਦੀ ਔਰਤ ਨੂੰ ਝਾਂਜਰ ਪਾਵੇ, ਕਦੀ ਜ਼ੰਜੀਰਾਂ ਪਹਿਨਾਉਂਦੀ ਹੈ।

ਫਿਰ ਕੈਦ 'ਚ ਪਾ ਕੇ ਇਹਨਾਂ ਦੀ, ਇੱਜ਼ਤ ਦੇ ਬੋਹਲ਼ ਲਗਾਏ ਨੇ,
ਗ਼ੈਰਤ ਦੇ ਬੋਹਲ਼ ਲਗਾਏ ਨੇ,
ਜੋ ਚਾਹਵੇ ਆ ਕੇ ਲੈ ਜਾਵੇ, ਇਸਮਤ ਦੇ ਬੋਹਲ਼ ਲਗਾਏ ਨੇ।

ਇਸ ਬਾਰੇ ਜੋ ਵੀ ਸੁਣਦਾ ਹੈ, ਮੂੰਹ ਏਧਰ ਚੁੱਕੀ ਆਉਂਦਾ ਹੈ।
ਹਰ ਦੁੱਕੀ ਤਿੱਕੀ ਆਉਂਦਾ ਹੈ।
ਹੈ ਜਿਸ ਨੂੰ ਦੁਨੀਆਂਦਾਰੀ ਦੀ ਉਹ ਚੋਰੀ ਛੁੱਪੀ ਆਉਂਦਾ ਹੈ।

↑ ਤਤਕਰਾ ↑

ਇਕ ਦਿਨ ਵਿਚ ਇਕ ਦੋ ਵਾਰ ਨਹੀਂ ਕਈ ਵਾਰ ਹੀ ਚੋਰੀ ਹੋਈ ਹੈ।
ਅੱਜ ਕੋਈ ਹੈ, ਕੱਲ੍ਹ ਕੋਈ ਹੈ,
ਕਦੀ ਦੱਬ ਘੁੱਟ ਕੇ ਕਦੀ ਫੁੱਟ ਫੁੱਟ ਕੇ, ਮਜਬੂਰ ਜਵਾਨੀ ਰੋਈ ਹੈ।

ਇਸ ਤਰ੍ਹਾਂ ਹੀ ਸੱਤ ਮਹੀਨਿਆਂ ਤੋਂ, ਉਹ ਕਰਦੇ ਰਹੇ ਖ਼ੁਆਰੀ ਨੇ।
ਕਈਆਂ ਦੇ ਪੈਰ ਵੀ ਭਾਰੀ ਨੇ।
ਹਾਲੇ ਤਕ ਘੱਟ ਨਹੀਂ ਹੋਏ, ਹਰ ਰੋਜ਼ ਤਸ਼ੱਦਦ ਜਾਰੀ ਨੇ।

ਇਕ ਗਿਣੀ ਮਿਥੀ ਸਾਜ਼ਿਸ਼ ਹੇਠਾਂ, ਇਹਨਾਂ ਨੂੰ ਕੋਲ ਬੁਲਾਇਆ ਹੈ।
ਏਥੋਂ ਆਜ਼ਾਦ ਕਰਾਇਆ ਹੈ।
ਇਕ ਨਰਕ ਦੇ ਵਿਚੋਂ ਕੱਢਿਆ ਹੈ ਤੇ ਦੂਜੇ ਦੇ ਵਿਚ ਪਾਇਆ ਹੈ।

ਕਹਿੰਦੇ,"ਇਹਨਾਂ 'ਚੋਂ ਹਰ ਨੱਢੀ, ਤੱਕ ਗਰਭ-ਨਿਸ਼ਾਨੀ ਰੋਵੇਗੀ।
ਇਸ ਕਾਲ਼ਖ਼ ਨੂੰ ਕਿੰਜ ਧੋਏਗੀ।
ਛੱਡਣਾ ਵੀ ਹੁਣ ਤੇ ਵੱਸ ਨਹੀਂ, ਰੱਖੇਗੀ ਤਾਂ ਕੋਹੜੀ ਹੋਵੇਗੀ।"

ਸੋਚਾਂ ਦੀ ਘੁਮਣ-ਘੇਰੀ ਵਿਚ ਉਮੀਦ ਦੀ ਬੇੜੀ ਪਾਈ ਹੈ,
ਆਵਣ ਦੀ ਖ਼ਬਰ ਪੁਚਾਈ ਹੈ।
ਬਰਬਾਦ ਜਵਾਨੀ ਉੱਜੜ ਕੇ ਫਿਰ ਆਪਣੇ ਸ਼ਹਿਰ 'ਚ ਆਈ ਹੈ।

ਓਧਰ ਤਾਂ ਲੋਕ ਪਰਾਏ ਸਨ, ਏਧਰ ਵੀ ਲੋਕ ਪਰਾਏ ਨੇ।
ਜੋ ਅੱਗਿਓਂ ਲੈਣ ਨਾ ਆਏ ਨੇ।
ਜਿੱਧਰ ਦਿਲ ਜਾਣਾ ਨਾ ਚਾਹਵੇ, ਓਧਰ ਨੂੰ ਪੈਰ ਵਧਾਏ ਨੇ।

ਜੋ ਮਾਣਮੱਤੀ ਕਹਿਲਾਉਂਦੀ ਸੀ, ਉਹ ਹੀ ਅੱਜ ਅਬਲਾ ਨਾਰੀ ਹੈ।
ਆਪਣੇ ਦਰ ਉਤੇ ਭਿਖਾਰੀ ਹੈ।
ਅੰਦਰ ਕੋਈ ਬੋਲ ਰਿਹਾ ਹੈ, ਪਰ ਬੂਹੇ 'ਤੇ ਦਸਤਕ ਜਾਰੀ ਹੈ।

4. 'ਖ਼ਾਨਦਾਨ ਦੀ ਇੱਜ਼ਤ' ਦੀ ਨ੍ਹੇਰੀ ਫੇਰ ਉੱਠੀ ਹੈ,
ਅੱਜ ਦੀ ਸ਼ਾਮ ਫਿਰ ਇਕ ਕਹਿਰ ਦਾ ਤੂਫ਼ਾਨ ਆਇਆ ਹੈ।
ਕਿਸੇ ਜੋ ਨ੍ਹੇਰੇ ਵਿਚ ਇਕ ਪਿਆਰ ਦਾ ਦੀਪਕ ਜਗਾਇਆ ਸੀ,
ਆਪਣੀ ਰੌਸ਼ਨੀ ਲਈ, ਏਸ ਨੇ ਦੀਪਕ ਬੁਝਾਇਆ ਹੈ।

ਅੱਜ ਦੀ ਸ਼ਾਮ ਮਾਂ ਨੇ ਧੀ ਕਹਿਣੋ ਇਨਕਾਰ ਕੀਤਾ ਹੈ,
ਅੱਜ ਦੀ ਸ਼ਾਮ ਇਹਦਾ ਆਪਣਾ ਹੀ ਘਰ ਪਰਾਇਆ ਹੈ।
ਕੱਲ੍ਹ "ਵੈਰੀ" ਕਹਿ, ਵੈਰੀ ਨੇ ਕੋਈ ਜਾਨੋਂ ਮੁਕਾਈ ਸੀ,
ਅੱਜ ਦੀ ਸ਼ਾਮ ਆਪਣੇ ਭਾਈ ਨੇ ਚਾਕੂ ਚਲਾਇਆ ਹੈ।

↑ ਤਤਕਰਾ ↑

5. ਕੋਝੀਆਂ ਕਦਰਾਂ ਦੀ ਦੁਨੀਆਂ ਕੀ ਕਰਾਂ ?
ਜਾਂਗਲੀ ਨਗਰਾਂ ਦੀ ਦੁਨੀਆਂ ਕੀ ਕਰਾਂ ?

ਗਈ ਭਰੂਈ ਜਿਨ੍ਹਾਂ ਦੀ ਹਰਿਆਵਲੀ,
ਬੇ-ਪੱਤ ਲਗਰਾਂ ਦੀ ਦੁਨੀਆਂ ਕੀ ਕਰਾਂ ?

ਜਿਹਨਾਂ ਵਿਚ ਫਾਂਸੀ ਤੇ ਤਾਰੇ ਟੰਗਦੇ,
ਐਸੀਆਂ ਫ਼ਜਰਾਂ ਦੀ ਦੁਨੀਆਂ ਕੀ ਕਰਾਂ ?

ਖ਼ੁਸ਼ੀਆਂ ਦੇਵਣ ਆਏ, ਗ਼ਮੀਆਂ ਦੇ ਗਏ,
ਲਹੂ ਭਰੇ ਗ਼ਦਰਾਂ ਦੀ ਦੁਨੀਆਂ ਕੀ ਕਰਾਂ ?

ਖੱਬੇ ਹੱਥ ਨੂੰ ਸੱਜੇ ਦਾ ਕੁਝ ਨਹੀਂ ਪਤਾ,
ਤਾਜ਼ੀਆਂ ਖ਼ਬਰਾਂ ਦੀ ਦੁਨੀਆਂ ਕੀ ਕਰਾਂ ?

ਢੇਰ ਹੋਈਆਂ ਸੂਰਤਾਂ ਵੀ ਬੇ-ਅਸਰ,
ਸੂਝ ਲਈ ਕਬਰਾਂ ਦੀ ਦੁਨੀਆਂ ਕੀ ਕਰਾਂ ?

ਸਾਥ ਨਹੀਂ, ਕੋਈ ਰਾਹ ਨਹੀਂ, ਮੰਜ਼ਿਲ ਨਹੀਂ,
ਸੱਖਣੀਆਂ ਨਜ਼ਰਾਂ ਦੀ ਦੁਨੀਆਂ ਕੀ ਕਰਾਂ ?

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਲਈ,
ਮੈਂ ਇਨ੍ਹਾਂ ਜਬਰਾਂ ਦੀ ਦੁਨੀਆਂ ਕੀ ਕਰਾਂ ?

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

↑ ਤਤਕਰਾ ↑

6. ਕਿਵੇਂ ਕੋਈ ਸਤਿ-ਚਿੱਤ-ਅਨੰਦ ਤਾਈਂ ਪਹੁੰਚੇ!
ਹੈ ਆਧਾਂ, ਬਿਆਧਾਂ, ਉਪਾਧਾਂ ਦੀ ਦੁਨੀਆਂ।
ਜੀਵਨ ਦੀ ਕੀਮਤ ਘਟਾਉਂਦੀ ਪਈ ਹੈ,
'ਦਰਗਾਹਾਂ ਬਣੀਆਂ ਸਮਾਧਾਂ' ਦੀ ਦੁਨੀਆਂ।

ਪਰਾਈ ਕਮਾਈ 'ਤੇ ਪਲਦੀ ਰਹੀ ਹੈ,
ਵਿਹਲੜ, ਨਖੱਟੂਆਂ ਸਾਧਾਂ ਦੀ ਦੁਨੀਆਂ।
ਕਿਤੇ ਕਾਲ਼ ਪੈ ਜਾਏ ਪਰਵਾਹ ਨਾ ਕਰਦੀ,
ਇਹ ਅੰਨ੍ਹੇ ਤੇ ਭੁੱਖੇ ਸਰਾਧਾਂ ਦੀ ਦੁਨੀਆਂ।

ਧਰਮਾਂ ਦੀਆਂ ਸੰਸਥਾਵਾਂ ਨੇ ਜਿੰਨੀਆਂ,
ਕਦੇ ਇਹਨਾਂ ਆਪਣੇ ਪੱਲਿਓਂ ਵੀ ਦਿੱਤਾ?
ਨਿਰੀ ਐਸ਼ ਕਰਨੀ ਤੇ ਨ੍ਹੇਰਾ ਫੈਲਾਉਣਾ,
ਦੱਸ ਤਾਂ ਸਹੀ! ਇਹ ਵੀ ਕਿੱਤਿਆਂ 'ਚੋਂ ਕਿੱਤਾ?

ਗੁੱਲੀ ਦੀ ਹਾਲੇ ਜ਼ਰੂਰਤ ਮਿਟੀ ਨਾ,
ਕੁੱਲੀ ਦੀ ਹਾਲੇ ਜ਼ਰੂਰਤ ਮਿਟੀ ਨਾ।
ਚੰਦ ਲਹੂਣ ਦੇ ਲਈ ਨੇ ਰੱਸੇ ਬਣਾਉਂਦੇ,
ਜੁੱਲੀ ਦੀ ਹਾਲੇ ਜ਼ਰੂਰਤ ਮਿਟੀ ਨਾ।

ਬੰਬਾਂ ਦੀ ਉੱਡਦੀ ਛਤਰ-ਛਾਇਆ ਹੇਠਾਂ,
ਨਜ਼ਰਾਂ ਨੂੰ ਅੰਨ੍ਹਿਆਂ ਕਰਨ ਵਾਲ਼ੀ ਧੁੱਪ ਹੈ।
ਕਚਿਹਰੀ ਹੈ ਲੱਗੀ ਹੋਈ ਰੌਲ਼ਿਆਂ ਦੀ,
ਕਟਹਿਰੇ 'ਚ ਬੈਠਾ ਹੋਇਆ ਸੱਚ ਚੁੱਪ ਹੈ।

'ਮਾਰ' ਤਕ ਹੀ ਸੀਮਤ ਨਹੀਂ ਹੈ ਸ਼ਿਕਾਰੀ,
ਉਹ ਇਹ ਵੀ ਹੈ ਚਹੁੰਦਾ ਕਿ ਦੂਜਾ ਨਾ ਮਾਰੇ।
ਕੁੱਤੇ ਦਾ ਵੈਰੀ ਹੈ ਕੁੱਤਾ ਹੀ ਏਥੇ,
ਜੋ ਗੁਜ਼ਰੇ ਕਿਸੇ ਤੋਂ, ਘੱਟ ਨਾ ਗੁਜ਼ਾਰੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।

↑ ਤਤਕਰਾ ↑

7. ਤੁਰਨ ਦੇ ਲਈ ਨਹੀਂ ਕੋਈ ਸਤਹ ਆਪਣੀ,
ਰਿਵਾਜਾਂ ਦੇ ਉੱਤੇ ਕਬੀਲੇ ਦਾ ਹੱਕ ਹੈ।
ਕਮਜ਼ੋਰੀ ਮੇਟਣ ਨੂੰ ਕਮਜ਼ੋਰ ਮਾਰੇ,
ਸਮਾਜਾਂ ਦੇ ਉੱਤੇ ਕਬੀਲੇ ਦਾ ਹੱਕ ਹੈ।

ਸਹੇਲੀ ਕੀ ਸ਼ਾਦੀ ਪਿਹ ਉਸ ਕਾ ਵੋਹ ਆਨਾ।
ਵੋਹ ਹੰਸਨਾ, ਹੰਸਾਨਾ, ਵੋਹ ਦੁਲਹਨ ਸਜਾਨਾ।
ਜਵਾਨੀ ਕੀ ਮਸਤੀ ਮੇਂ ਢੋਲਕ ਪਿਹ ਗਾਨਾ।
ਵੋਹ ਮਾਸੂਮ ਚਿਹਰੇ ਕਾ ਸਭ ਕੋ ਲੁਭਾਨਾ।

ਵੋਹ ਉਸਕੀ ਸੁਨਹਿਰੀ ਖ਼ੁਸ਼ੀਓਂ ਕਾ ਆਲਮ,
ਕਿਸੀ ਕਮ-ਅਕਲ ਕੋ ਹਰਗਿਜ਼ ਨਾ ਭਾਇਆ।
ਅਪਨਾ ਬੜਾ-ਪਨ ਦਿਖਾਨੇ ਕੀ ਖ਼ਾਤਿਰ,
"ਤੂ ਬਾਲ-ਵਿਧਵਾ ਹੈ", ਉਸ ਕੋ ਜਤਾਇਆ।

"ਤੂ ਸ਼ਾਦੀ ਕੇ ਘਰ ਸੇ ਕਹੀਂ ਦੂਰ ਹੋ ਜਾ,
ਔਰ ਲੇ ਜਾ ਮੁਕੱਦਰ ਕੀ ਰੁਸਵਾਈਆਂ ਭੀ।
ਤੇਰੀ ਯਿਹ ਮਨਹੂਸ ਹਸਤੀ ਤੋ ਕਿਆ ਹੈ!
ਨਹੀਂ ਚਾਹੀਏ ਤੇਰੀ ਪਰਛਾਈਆਂ ਭੀ।"

ਹੰਸੀ ਔਰ ਖ਼ੁਸ਼ੀ ਸੇ, ਗ਼ਮਗੀਨੀਓਂ ਮੇਂ
ਬਦਲਤਾ ਹੂਆ ਚਿਹਰਾ, ਦੇਖਾ ਹੈ ਮੈਨੇ।
ਖ਼ਾਮੋਸ਼ੀਓਂ ਕੀ ਚਿਤਾਓਂ ਮੇਂ ਉਸਕਾ
ਜਲਤਾ ਹੂਆ ਚਿਹਰਾ, ਦੇਖਾ ਹੈ ਮੈਨੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।

↑ ਤਤਕਰਾ ↑

8. ਕਬੀਲੇ ਦੀ ਆਪਣੀ ਨਹੀਂ ਦਾਲ਼ ਗਲ਼ਦੀ,
ਜਦੋਂ ਵੀ ਗਵਾਂਢੀ ਦੇ ਚੁੱਲ੍ਹੇ ’ਤੇ ਚਾੜ੍ਹੇ।
ਇਸ ਦੀ ਖ਼ੁਦੀ ਨੇ ਕਈ ਦੇਸ਼ ਵੰਡੇ,
ਇਸ ਦੀ ਖ਼ੁਸ਼ੀ ਨੇ, ਵਸਦੇ ਉਜਾੜੇ।

ਸ਼ਰਨਾਰਥੀ-ਕੈਂਪ ਦੀ ਜ਼ਿੰਦਗੀ ਕੀ!
ਤੁਰਨਾ ਅੱਗ ਉੱਤੇ, ਸੇਜ ਕੰਡਿਆਂ ਦੀ।
ਵਿੱਸ ਘੋਲ਼ਦੇ ਸੱਪਾਂ, ਸਪੋਲ਼ੀਆਂ ਦੀ,
ਆਪੋ-ਧਾਪੀਆਂ ਦੇ ਡੰਗਾਂ, ਡੰਗਿਆਂ ਦੀ।

ਇਹ ਉਹ ਥਾਂ ਹੈ, ਸੁਪਨੇ ਜ਼ਿੰਦਗੀ ਦੇ
ਜਿੱਥੋਂ ਰਾਤਾਂ ਦੀ ਨੀਂਦ ਚੁਰਾ ਜਾਂਦੇ।
ਮੋਏ, ਵਿੱਛੜੇ ਹਰਦਮ ਯਾਦ ਆ ਕੇ,
ਝੜੀ ਝੱਲਿਆਂ ਨੈਣਾ ਦੀ ਲਾ ਜਾਂਦੇ।

ਪਾਣੀ ਲੈਣ ਦੀ ਜਿੱਥੇ ਕਤਾਰ ਲਗਦੀ,
ਝਗੜੇ ਓਸ ਥਾਂ ਖ਼ੂਨ ਬਹਾ ਜਾਂਦੇ।
ਜਿਹੜੇ ਦੁੱਖਾਂ ਨੂੰ ਕੋਈ ਫਰੋਲ਼ਦਾ ਨਾ,
ਮਾਰਨ ਨਾ ਤਾਂ ਪਾਗਲ ਬਣਾ ਜਾਂਦੇ।

ਹੱਥ ਅੱਡਣਾ ਜਿਹਦੇ ਲਈ ਮੌਤ ਹੈ ਸੀ,
ਘੁੱਟ ਪਾਣੀ ਦੇ ਲਈ ਤਰਲੇ ਪਾ ਰਹੀ ਹੈ।
ਆਪਣੇ ਡੁੱਬਦੇ ਡੁੱਬਦੇ ਬੋਲ ਅੰਦਰ,
ਕੁਝ ਇਸ ਤਰ੍ਹਾਂ ਆਖ ਸੁਣਾ ਰਹੀ ਹੈ :

“ਸਾਡੇ ਭਾਗਾਂ ਦੀ ਬੇੜੀ ਡੋਬਣੇ ਨੂੰ,
ਬਦਕਿਸਮਤੀ ਬਣੀ ਮਲਾਹ ਸਾਡੀ।
ਜ਼ਖ਼ਮੀਂ ਪਤੀ ਮੇਰਾ ਪਿਆਸਾ ਮਰ ਰਿਹਾ ਹੈ,
ਅੱਜ ਅੱਠਵੀਂ ਸਾਲ-ਗਿਰਾਹ ਸਾਡੀ।”

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।

↑ਤਤਕਰਾ↑

9. ‘ਪੈਟਰੋਲ ਦੇ ਭਰੇ ਤਲਾ ਅੰਦਰ [1] ਕੁਝ ਮਨਚਲੇ ਸ਼ੋਰ ਮਚਾ ਰਹੇ ਨੇ।
ਡੱਬੀਆਂ ਤੀਲੀਆਂ ਵਾਲ਼ੀਆਂ ਲੈ ਹੱਥੀਂ, ਇਕ ਦੂਜੇ ਉੱਤੇ ਰੋਅਬ ਪਾ ਰਹੇ ਨੇ।

ਪੰਜ[2] ਤੀਲੀਆਂ ਕਿਸੇ ਦੇ ਕੋਲ਼ ਹੈ ਨੇ, ਦੂਜਾ ਦਸਾਂ ਦੀ ਧੌਂਸ ਜਮਾ ਰਿਹਾ ਹੈ।
ਦੇਖ ਉਨ੍ਹਾਂ ’ਤੂੰ ਤੂੰ ਮੈਂ ਮੈਂ’ ਹੁੰਦਿਆਂ ਨੂੰ, ਹਾਸਾ ਆ ਰਿਹਾ ਹੈ, ਰੋਣਾ ਆ ਰਿਹਾ ਹੈ।

ਮਰਨਾ ਭੁੱਲ ਕੇ ਕਈ ਅਮੀਰ-ਜ਼ਾਦੇ, ਕਰਦੇ ਇੰਜ ਇਲਾਜ ਬੀਮਾਰੀਆਂ ਦਾ:
ਗੁਰਦੇ ਲੈਣ ਗ਼ਰੀਬਾਂ ਦੇ, ਮੁੱਲ ਪਾ ਕੇ, ਕੋਈ ਅੰਤ ਨਾ ਐਸੇ ਵਪਾਰੀਆਂ ਦਾ।

ਚਹੁੰਦੀ ਹੋਈ ਵੀ ਕੋਈ ਨਹੀਂ ਪੜ੍ਹ ਸਕਦੀ, ਐਸੀ ਜ਼ਿੰਦਗੀ ਏਥੇ ਸਮਾਜ ਦੇਵੇ।
ਕੋਈ ਪਿਤਾ, ਔਲਾਦ ਦਾ ਸ਼ੁਭਚਿੰਤਕ, ਅੰਗ ਵੇਚ ਕੇ ਧੀਆਂ ਨੂੰ ’ਦਾਜ’ ਦੇਵੇ।

ਇਹ ਕੁਦਰਤ ਵੀ ਕਿਹੜੀ ਹੈ ਘੱਟ ਕਰਦੀ, ਫ਼ਸਲ ਗਾਲ਼ਦੀ ਹੈ, ਫ਼ਸਲ ਸਾੜਦੀ ਹੈ।
ਜਲਾਂ, ਥਲਾਂ ’ਚ ਮਾਰੇ ਤੂਫ਼ਾਨ ਬਣ ਕੇ, ਕਿਧਰੇ ਧਰਤੀ ਦੇ ਸੀਨੇ ਨੂੰ ਪਾੜਦੀ ਹੈ।

ਹਵਾ ’ਮੈਂ’ ਦੀ ਤੋਂ ਮੈਂ ਵੀ ਨਹੀਂ ਬਚਿਆ, ਜਿਵੇਂ ਗੁਜ਼ਰਦੀ, ਤਿਵੇਂ ਗੁਜ਼ਾਰਦਾ ਹਾਂ।
ਬਿਨਾਂ ਦੁਨੀਆਂ ਤੋਂ ਮੇਰਾ ਵੀ ਕੀ ਜੀਵਨ, ਨਾਲੇ ਭੰਡਦਾ ਹਾਂ, ਨਾਲੇ ਪਿਆਰਦਾ ਹਾਂ।

ਉਨ੍ਹਾਂ ਦੀ ਜ਼ਮੀਰ ਹੈ ਮਰੀ ਹੋਈ, ਸਿਰਫ਼ ਪੁੱਤਾਂ ਨੂੰ ਜਿਹੜੇ ਸਤਿਕਾਰ ਦਿੰਦੇ,
ਜੀਵਨ ਉਨ੍ਹਾਂ ਨਹੀਂ ਜਾਣਿਆਂ, ਧੀਆਂ ਨੂੰ ਜੋ, ਪੈਦਾ ਹੋਣ ਤੋਂ ਪਹਿਲਾਂ ਹੀ ਮਾਰ ਦਿੰਦੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

---

1. ਅੱਜ ਦੇ ਅਟੌਮਿਕ ਹਥਿਆਰਾਂ ਵੱਲ ਇਸ਼ਾਰਾ ਹੈ।
2. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ

↑ ਤਤਕਰਾ ↑

10. ਇਕ ਦਿਨ ਮੇਰੇ ਦਰਵਾਜ਼ੇ 'ਤੇ ਦਸਤਕ ਹੋਈ,
ਦੋ ਅਨਜਾਣ ਖੜੇ ਸਨ ਦਰਵਾਜ਼ੇ ਦੇ ਅੱਗੇ।
"ਅਮਨ ਦੇ ਬਾਰੇ ਗੱਲ ਕਰਨ ਆਏ ਹਾਂ, ਦੋਸਤ!"
ਬੜੀ ਨਿਮਰਤਾ ਨਾਲ ਉਹ ਮੈਨੂੰ ਆਖਣ ਲੱਗੇ।

ਭਾਵੇਂ ਮੇਰੇ ਕੋਲ਼ ਜ਼ਿਆਦਾ ਵਕਤ ਨਹੀਂ ਸੀ,
ਫਿਰ ਵੀ ਮੈਂ ਉਹਨਾਂ ਨੂੰ ਅੰਦਰ ਸੱਦ ਲਿਆਇਆ।
ਖਾਣ ਪੀਣ ਦਾ ਪੁੱਛਿਆ ਤਾਂ "ਧੰਨਵਾਦ" ਆਖ ਕੇ,
"ਅਗਲੀ ਵਾਰੀ ਆਏ ਤਾਂ" ਇਹ ਆਖ ਸੁਣਾਇਆ।

ਕਹਿਣ ਲੱਗੇ,"ਇਹ ਪਤਾ ਹੈ ਤੈਨੂੰ ਕਿ ਦੁਨੀਆਂ 'ਤੇ,
ਕੁਝ ਇਕ ਦਿਨਾਂ ਦੇ ਵਿਚ ਹੀ ਐਸੀ ਪਰਲੋ ਆਣੀ?
ਕੁਝ ਇਕ ਰੱਬ ਦੇ ਬੰਦਿਆਂ ਨੂੰ ਛੱਡ ਕੇ, ਧਰਤੀ ਦੀ
ਸਾਰੀ ਦੀ ਸਾਰੀ ਵਸੋਂ ਹੀ ਮਰ ਮਿਟ ਜਾਣੀ?

ਕੂੜ ਕਪਟ ਦੀ ਭਰੀ ਹੋਈ ਇਸ ਦੁਨੀਆਂ ਅੰਦਰ,
ਜਦੋਂ ਜਦੋਂ ਵੀ ਏਸ ਤਰ੍ਹਾਂ ਦੀ ਪਰਲੋ ਆਈ:
ਸਾਡੇ 'ਰਹਿਬਰ' ਦੀ ਸ਼ਰਨ ਵਿਚ ਜੋ ਆਇਆ ਹੈ,
ਓਸੇ ਨੇ ਹੀ ਬਸ, ਓਸ ਤੋਂ ਮੁਕਤੀ ਪਾਈ।

'ਉਸਦੀ' ਸ਼ਰਨ ਬਿਨਾਂ ਨਹੀਂ ਮੁਕਤੀ ਹੋਰ ਕਿਤੇ ਵੀ,
ਤੂੰ ਵੀ ਉਸ ਨੂੰ ਮੰਨ ਲੈ ਜੇ ਕਲਿਆਣ ਕਰਾਉਣੀ।
ਬਹੁਤੀ ਦੇਰ ਸੋਚਣ ਦਾ ਵੇਲਾ ਵੀ ਨਹੀਂ ਬਾਕੀ,
ਇਹ ਘੜੀ ਜੋ ਹੁਣ ਹੈ, ਮੁੜ ਕੇ ਫੇਰ ਨਹੀਂ ਆਉਣੀ।"

ਮੈਂ ਠਰ੍ਹੰਮੇ ਨਾਲ ਆਖਿਆ,"ਸੁਣੋ ਦੋਸਤੋ!
ਤਿੰਨ ਦਹਾਕਿਆਂ ਤੋਂ ਮੈਂ ਇਕ ਵਿਸ਼ਵਾਸ ਉਠਾਇਆ।
ਜਿਹੜਾ ਜੀਂਦੇ ਜੀਅ ਹੀ ਮੁਕਤੀ ਨਹੀਂ ਪਾ ਸਕਦਾ,
ਜੀਣਾ ਤਾਂ ਇਕ ਪਾਸੇ, ਉਸ ਨੇ ਮਰਨ ਗੁਆਇਆ"।

↑ ਤਤਕਰਾ ↑

ਮੇਰੇ ਇਸ ਵਿਸ਼ਵਾਸ ’ਤੇ ਮੈਨੂੰ ਗਿਲਾ ਨਾ ਕੋਈ,
ਜਿੰਨੀ ਵੀ ਬੀਤੀ ਹੈ ਹੁਣ ਤਕ ਚੰਗੀ ਬੀਤੀ।
ਮਰਨ ਦੇ ਪਿੱਛੋਂ ਕੀ ਹੋਣਾ ਹੈ? ਕੀ ਨਹੀਂ ਹੋਣਾ?
ਏਸ ਗੱਲ ਦੀ ਮੈਂ ਕਦੇ ਚਿੰਤਾ ਨਹੀਂ ਕੀਤੀ।

ਦੂਜੀ ਗੱਲ ਕਿ ਜੇ ਮੈਂ ਅੱਜ ਦੋ ਗੱਲਾਂ ਸੁਣ ਕੇ,
ਆਪਣੀ ਉਮਰ ਦੀ ਪੂੰਜੀ ਨੂੰ ਕਿਧਰੇ ਸੱਟਾਂਗਾ।
ਤੁਸੀਂ ਤਾਂ, ਪਤਾ ਨਹੀਂ ਮੇਰਾ ਵਿਸ਼ਵਾਸ ਕਰੋਗੇ!
ਆਪਣੇ ਆਪ ’ਤੇ ਮੈਂ ਕਿਵੇਂ ਵਿਸ਼ਵਾਸ ਰੱਖਾਂਗਾ?

ਤੀਜੀ ਗੱਲ ਕਿ ਤੁਹਾਡੇ ਉਸ ’ਰਹਿਬਰ’ ਹੋਏ ਨੂੰ,
ਹਾਲੇ ਤਕ ਤਾਂ ਦੋ ਹਜ਼ਾਰ ਸਾਲ ਨਹੀਂ ਹੋਏ।
ਉਨ੍ਹਾਂ ਨੂੰ ਵੀ ਤਾਂ ਕਿਤਿਓਂ ਮੁਕਤੀ ਮਿਲੀ ਹੀ ਹੋਣੀ,
ਜਿਹੜੇ ’ਉਸ’ ਦੇ ਹੋਣ ਤੋਂ ਪਹਿਲਾਂ ਹੀ ਸਨ ਮੋਏ।”

ਇਕ ਦੂਜੇ ਵੱਲ ਦੇਖ ਕੇ ਦੋਵੇਂ ਉਠ ਖਲੋਏ,
ਕਹਿਣ ਲੱਗੇ ਕਿ,”ਭਾਗਾਂ ਦੀ ਇਹ ਗੱਲ ਹੈ ਸਾਰੀ,
‘ਰੱਬ’ ਨਾ ਕਿਧਰੇ ਇਸ ਘਰ ਦੇ ਅੰਦਰ ਆ ਜਾਵੇ,
ਇਸ ਨੇ ਬੂਹੇ ਦੇ ਅੰਦਰ ਹੈ ਕੰਧ ਉਸਾਰੀ।”

ਜਿਹੜੇ ਮੈਨੂੰ ’ਅਮਨ’ ਦੇਣ ਦੇ ਲਈ ਆਏ ਸਨ,
ਮੇਰੇ ਘਰ ਉਹ ਆਪਣਾ ਅਮਨ ਗਵਾ ਕੇ ਉਂਠੇ।
ਘੂਰ ਰਹੇ ਸਨ ਮੈਨੂੰ ਅਗਲੇ ਦਿਨ ਸਵੇਰੇ,
ਟੁੱਟੇ ਹੋਏ ਦੋ ਆਂਡੇ, ਮੇਰੇ ਬੂਹੇ ਉਂਤੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ, ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

↑ ਤਤਕਰਾ ↑

11. ਕੰਮ ਛੱਡ ਕੇ, ਕਿਸੇ ਦਫ਼ਤਰ ਜਾਓ,
ਸਾਰਾ ਦਿਨ ਗਵਾਓ।
ਕੰਮ ਕਰਵਾਉਣ ਦੀ ਜਾਚ ਨਹੀਂ ਤਾਂ,
ਮੂੰਹ ਲਟਕਾ ਕੇ ਆਓ।

"ਟਿਊਸ਼ਨ 1 ਬਿਨਾ ਪੜ੍ਹਾਈ ਕਿੱਥੇ!"
ਟੀਚਰ 2 ਨੇ ਫ਼ਰਮਾਇਆ,
ਨਵੀਂ ਕਿਸਮ ਦੇ ਕਾਰੋਬਾਰ ਲਈ,
ਨਵਾਂ ਜ਼ਮਾਨਾ ਆਇਆ।

ਕਹਿੰਦੇ ਕਿ,"ਤਨਖ਼ਾਹ ਨਾਲ ਵੀ,
ਉਂਜ ਤਾਂ ਸਾਡਾ ਸਰਦਾ,
ਪਰ ਕਮਾਈ, ਸਾਡਾ ਮੁੰਡਾ
ਉਪਰੋਂ ਦੂਣੀ ਕਰਦਾ।"

ਲੋਕੀ, ਉਸ ਦਾ ਹੀ ਲੱਕ ਤੋੜਨ,
ਜਿਸ ਦੀ ਚੜ੍ਹਨ ਘਨੇੜੀ,
ਜਿਹੜੇ ਵੀ ਰੱਬ ਨੂੰ ਇਹ ਪੂਜਣ,
ਉਸ ਦੀ ਡੋਬਣ ਬੇੜੀ।

ਆਪਣਾ ਦੇਸ਼ ਨਾ ਰੋਜ਼ੀ ਦੇਵੇ,
ਬਾਹਰ ਜਾਵੇ ਕੋਈ,
ਜੀਂਦੇ ਹੀ ਪਰਵਾਸੀ ਦੇ ਘਰ,
ਬੀਵੀ ਵਿਧਵਾ ਹੋਈ।

ਦੀਵਾ ਬਾਲ਼ਾਂ, ਪਰ ਨ੍ਹੇਰੀ ਵਿਚ,
ਪੇਸ਼ ਨਾ ਜਾਵੇ ਕੋਈ,
ਇਕ ਤੰਦ ਹੁੰਦਾ ਗੰਢਿਆ ਜਾਂਦਾ,
ਤਾਣੀ ਟੁੱਟੀ ਹੋਈ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ,
ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

---

1. Tuition 2, Teacher

↑ ਤਤਕਰਾ ↑

13. ਅੱਜ ਦੀ ਸ਼ਾਮ ਫਿਰ, 'ਕਮਜ਼ੋਰ-ਪੰਜਾ' ਧਰਮ ਦੇ ਨਾਂ 'ਤੇ,
ਜਵਾਨੀ ਨੂੰ ਵੰਗਾਰੇਗਾ, ਕਿਸੇ ਆਪਣੀ ਮੁਸੀਬਤ ਲਈ
ਤੇ ਉਸਦੀ ਰਾਜਨੀਤੀ, ਕੁਟਲਨੀਤੀ ਬਣ ਕੇ ਆਖੇਗੀ,
'ਜਾਓ! 'ਸ਼ਹੀਦ' ਹੋਵੋ, ਜਾਮ ਲਈ, ਹੂਰਾਂ ਲਈ, ਜੰਨਤ ਲਈ।"

ਅੱਜ ਦੀ ਸ਼ਾਮ ਫਿਰ, ਕਈ ਭੁੱਖਿਆਂ ਨੂੰ ਨੀਂਦ ਨਹੀਂ ਆਉਣੀ।
ਠਰਦੀ ਰਾਤ ਨੇ, ਕਈ ਡਰ ਭਰੇ ਸੁਪਨੇ ਲਿਆਉਣੇ ਨੇ।
ਅੱਜ ਦੀ ਸ਼ਾਮ ਫਿਰ, ਬਾਜ਼ਾਰ ਦੇ ਵਿਚ ਜਿਸਮ ਵਿਕਣੇ ਨੇ।
ਅੱਜ ਦੀ ਸ਼ਾਮ ਨੇ ਕਈ 'ਬੱਚੇ' ਫਿਰ 'ਕਾਮੇ' ਬਨਾਉਣੇ ਨੇ।

ਅੱਜ ਦੀ ਸ਼ਾਮ ਫਿਰ, ਕਈ ਜਾਗਦੇ ਅਰਮਾਨ ਸੌਂ ਜਾਣੇ,
ਅੱਜ ਦੀ ਸ਼ਾਮ ਫਿਰ, ਕੀਤੇ ਹੋਏ ਇਕਰਾਰ ਟੁੱਟਣਗੇ।
ਆਪਣੀ ਉਮਰ ਤੇ ਔਕਾਤ ਨੂੰ ਖੱਡੇ ਦੇ ਵਿਚ ਸੁੱਟ ਕੇ,
ਕਿਸੇ ਕੱਚੀ ਕੁਆਰੀ ਦੀ ਡੋਲੀ ਜ਼ਰਦਾਰ ਲੁੱਟਣਗੇ।

ਅੱਜ ਦੀ ਸ਼ਾਮ ਫਿਰ, ਦੁਨੀਆਂ ਨੂੰ 'ਫ਼ਾਨੀ' ਆਖਦੇ ਜਿਹੜੇ,
ਅਣਜਾਗੇ 'ਮਨੀਂ', 'ਔਲਾਦ ਦੇ ਸੁਪਨੇ' ਜਗਾਵਣਗੇ।
ਅੱਜ ਦੀ ਸ਼ਾਮ, 'ਇਹ' ਤਨ ਮਨ ਅਤੇ ਧਨ ਮੰਗਦੇ ਮੰਗਤੇ,
ਜੋ ਆਪਣੇ ਕੋਲ਼ ਹੈ ਨਹੀਂ, 'ਉਹਨਾਂ' ਦੀ ਝੋਲ਼ੀ 'ਚ ਪਾਵਣਗੇ।

ਚਾਦਰ ਛੋਟੀ ਹੈ ਪਰ ਪੈਰ ਲੰਮੇ ਹੁੰਦੇ ਜਾਂਦੇ ਨੇ,
ਸਨਅਤੀਕਰਣ ਦੇ ਦਿੱਤੇ ਹੋਏ ਐਸੇ ਜ਼ਮਾਨੇ ਨੇ।
ਮਾਂ ਤੇ ਬਾਪ ਦੋਹਾਂ ਨੂੰ ਹੀ ਕੰਮ ਤੋਂ ਵਿਹਲ ਨਹੀਂ ਮਿਲਦੀ,
ਅੱਜ ਘਰ ਘਰ ਦੇ ਅੰਦਰ ਬਣ ਰਹੇ ਯਤੀਮਖ਼ਾਨੇ ਨੇ।

↑ਤਤਕਰਾ↑

14. ਅੱਜ ਤਾਈਂ ਆਦਮੀ 'ਤੇ ਆਦਮੀ ਦਾ ਰਾਜ ਹੈ।
ਆਪਣੇ ਆਪ ਤੋਂ ਹਾਰਿਆ, ਬਾਦਸ਼ਾਹ ਬੇਤਾਜ ਹੈ।

ਇਹ ਬਹਾਰ ਦੀ ਰੁੱਤ ਨਹੀਂ ਕਿ ਜਾ ਕੇ ਫਿਰ ਆ ਜਾਏਗੀ,
ਇਹ ਤੇ ਧੀਆਂ, ਭੈਣਾ, ਮਾਂਵਾਂ, ਧਰਤੀਆਂ ਦੀ ਲਾਜ ਹੈ।

ਪੰਜ ਦੀ ਥਾਂ ਸੱਤੀਂ ਵੀਹੀਂ ਸੌ ਨੇ ਚਹੁੰਦੇ ਏਸ ਥਾਂ,
ਏਥੋਂ ਦੀ ਇਹ ਰੀਤ ਹੈ, ਏਥੋਂ ਦਾ ਰਿਵਾਜ ਹੈ।

ਏਸ ਦੇ ਸਭ ਗੁਣ ਤੇ ਔਗੁਣ ਮੇਰੀ ਜਾਇਦਾਦ ਨੇ,
ਮੈਂ ਇਹਦਾ ਹੋਵਾਂ ਨਾ ਹੋਵਾਂ, ਇਹ ਮੇਰਾ ਸਮਾਜ ਹੈ।

ਕੱਲ੍ਹ ਨੂੰ ਸ਼ਾਇਦ ਕੋਈ ਅਮਨਾਂ ਦਾ ਚਾਰਾ ਹੋ ਸਕੇ,
ਅੱਜ ਮਨੁੱਖਤਾ ਆਦਮੀ ਦੇ ਰਹਿਮ ਦੀ ਮੁਹਤਾਜ ਹੈ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ,
ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

↑ਤਤਕਰਾ↑

15. ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।
ਪਿਆਰ ਜੋ ਸਿਖਲਾਏ, ਵੋਹ ਹੀ ਸਾਜ਼ ਪਿਆਰਾ ਚਾਹੀਏ।

ਬੰਦ ਕਰ ਯਿਹ ਸਾਜ਼ ਅਪਨੇ, ਤਾ ਕਿ ਮੈਂ ਕੁਛ ਸੁਨ ਸਕੂੰ,
ਜੰਗ-ਜੂ ਰਾਤੋਂ ਮੇਂ ਉਜਲੇ ਦਿਨ ਕੇ ਸਪਨੇ ਬੁਨ ਸਕੂੰ।
ਮੇਰੀ ਰਾਤੋਂ ਕੋ ਤੋ ਅਬ ਸੁਬਹ ਕਾ ਤਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਜੰਗ ਕੀ ਧੁਨ ਕੇ ਤਲੇ, ਚਰਖ਼ੇ ਕੀ ਗੂੰਜੇਂ ਖੋ ਗਈਂ।
ਕਿਤਨੀ ਬਿਰਹਨ ਕੋਇਲੇਂ ਭੀ, ਰੋਤੇ ਰੋਤੇ ਸੋ ਗਈਂ।
ਧੁਨ, ਜੋ ਸਬ ਕੁਛ ਛੀਨ ਲੇ, ਨਹੀਂ ਅਬ ਦੁਬਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਜੰਗ ਕੀ ਧੁਨ ਸੁਨਤੇ ਸੁਨਤੇ, ਕਬ ਸੇ ਉਕਤਾਇਆ ਹੂ ਮੈਂ।
'ਮੌਤ ਕੀ ਆਵਾਜ਼' ਕੇ ਬਦਲੇ ਮੇਂ ਕੁਛ ਲਾਇਆ ਹੂ ਮੈਂ।
ਇਸ ਨਈ ਧੁਨ ਕੇ ਲੀਏ, ਮੁਝੇ ਏਕ-ਤਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਸੁਨ! ਵੋਹ ਬੂੰਦੇਂ ਓਸ ਕੀ ਲੇਕਰ ਕੋਈ ਟਪਕਾ ਰਹਾ।
ਗੀਤ, ਹਵਾਓਂ ਸੇ ਕਹਿਤਾ ਔਰ ਸੁਨਤਾ ਜਾ ਰਹਾ।
ਦੇਖਨੇ ਸੁਨਨੇ ਕੋ, ਮੁਝ ਕੋ ਯਿਹ ਨਜ਼ਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਦੇਖ! ਵੋਹ ਝਾੜੀ ਮੇਂ ਛੁਪ ਕਰ, ਫੂਲ ਹੈ ਮੁਸਕਾ ਰਹਾ।
ਏਕ ਆਸ਼ਿਕ ਸੇ ਭੀ ਮੀਠੇ ਗੀਤ, ਭੰਵਰਾ ਗਾ ਰਹਾ।
ਲਗਤਾ ਹੈ, ਭੰਵਰੇ ਕੋ ਭੀ, ਕੋਈ ਹੂੰਗਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਦੂਰ ਕਰ ਦੋ, ਇਸ ਭਿਆਨਕ ਬੈਂਡ ਕੀ ਪਰਛਾਈਆਂ।
ਆਜ ਬਜਨੇ ਦੋ ਖ਼ੁਸ਼ੀ ਕੀ, ਹਰ ਤਰਫ਼ ਸ਼ਹਿਨਾਈਆਂ।
ਆਨੇ ਵਾਲੇ ਕੱਲ ਕੋ ਭੀ, ਕੁਛ ਤੋ ਹਮਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

↑ ਤਤਕਰਾ ↑

16. ਅਮਨ ਅ-ਮਨ ਹੈ, ਸਤਿ-ਚਿੱਤ-ਅਨੰਦ ਹੈ।
ਇਹ ਨਾ ਦੁਰਗੰਧ ਹੈ ਤੇ ਨਾ ਹੀ ਸੁਗੰਧ ਹੈ।

ਗਿਆਨ-ਪੁਰ ਦਾ ਵਾਸੀ, ਇਹ ਅਕਸਰ ਬੇਘਰ ਹੈ।
ਇਹਦਾ ਹਮਸਾਇਆ, ਜਾਂ ਦੁੱਖ ਹੈ ਜਾਂ ਡਰ ਹੈ।

ਇਹ ਹਰ ਮਨ ਦੀ ਮਨਸਾ, ਇਹ ਹਰ ਦਿਲ ਦੀ ਚਾਹਤ।
ਇਹਦੇ ਵਿਚ ਖ਼ੁਸ਼ੀ ਹੈ; ਇਹਦੇ ਵਿਚ ਹੈ ਰਾਹਤ।

ਇਹ ਅਣਿਆਈ ਮੌਤੇ ਕਿਸੇ ਨੂੰ ਨਾ ਮਾਰੇ।
ਕਲਾ, ਕਵਿਤਾ ਛੋਹੇ, ਇਹ ਜੀਵਨ ਸ਼ਿੰਗਾਰੇ।

ਜਿਹੜਾ ਕਰਦਾ ਫਿਰਦਾ ਹੈ ਜੰਗ ਦੀ ਤਿਆਰੀ,
ਕਹਿਣ ਨੂੰ ਤਾਂ ਉਹ ਵੀ ਹੈ ਇਸ ਦਾ ਪੁਜਾਰੀ।

ਇਹ ਇਟਲੀ[1] ਦੇ ਜੈਨੱਸ[2] ਮੰਦਰ ਦੀ ਗੱਲ ਹੈ,
ਉਸ ਵਿਚ ਲਗਾਏ ਇਕ ਦਰ ਦੀ ਗੱਲ ਹੈ:

ਲੋਕਾਂ ਜਦੋਂ ਸੀ ਇਹ ਬੂਹਾ ਬਣਾਇਆ,
ਸਭਨਾ ਨੇ ਰਲ਼ ਕੇ ਮਤਾ ਇਹ ਪਕਾਇਆ:

ਕਿ ਜਦ ਤਕ ਨਾ ਮਾਨਵ ਅਮਨ ਵਿਚ ਬਹੇਗਾ,
ਓਦੋਂ ਤਕ ਇਹ ਦਰਵਾਜ਼ਾ ਖੁੱਲ੍ਹਾ ਰਹੇਗਾ।

ਹਾਏ! ਸਦੀਆਂ ਗਈਆਂ, ਹਾਏ! ਰਾਜ ਬਦਲੇ,
ਨਾ ਇਸ ਖੁੱਲ੍ਹੇ ਦਰਵਾਜ਼ੇ ਦੇ ਭਾਗ ਬਦਲੇ।

ਮਨੁੱਖਤਾ ਨੂੰ ਅੱਜ ਵੀ ਖੜਾ ਇਹ ਪੁਕਾਰੇ,
ਕਿ ਆਪਣਾ ਕਰਜ਼ ਆ ਕੇ ਸਿਰ ਤੋਂ ਉਤਾਰੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ,
ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

---

1. Italy 2. Janus ( Rome, Italy

↑ ਤਤਕਰਾ ↑

ਕਹਿਣ ਲੱਗੀ ਕਿ, "ਆਪਣੀ ਥਾਂ 'ਤੇ
ਤੂੰ ਵੀ ਠੀਕ ਤੇ ਉਹ ਵੀ ਸੱਚਾ।
ਸੁੰਦਰਤਾ ਦਾ ਅਸਲ ਟਿਕਾਣਾ,
ਦੇਖਣ ਵਾਲੀ ਅੱਖ ਹੈ, ਬੱਚਾ!"

↑ ਤਤਕਰਾ ↑

# ਸਤਿਯੰਮ ਸ਼ਿਵਮ ਸੁੰਦਰਮ-2

'ੳ'

"ਪ੍ਰੀਤਮ! ਇੰਜ ਲਗਦਾ ਹੈ ਕਿ,
ਤੂੰ ਕਿਸੇ ਦੇ ਨਾਲ ਝਗੜ ਕੇ ਆਇਆਂ।
ਪਹਿਲਾਂ ਵਾਂਗੂੰ ਸ਼ਾਇਦ
ਬੁੱਢੇ ਬਾਬੇ ਨਾਲ਼ ਵਿਗੜ ਕੇ ਆਇਆਂ।"

ਜਿਸਦੀ ਇਹ ਆਵਾਜ਼ ਸੀ, ਉਸਨੂੰ
ਕੋਈ 'ਅੰਮਾਂ', ਕੋਈ 'ਨਾਨੀ' ਆਖੇ;
"ਦੁਨੀਆਂ ਭਰ ਦੀਆਂ 'ਪੰਜ ਹਸਤੀਆਂ'[1]
ਵਿਚੋਂ ਹੈ ਲਾਸਾਨੀ" ਆਖੇ। (1)

ਕਹਿਣ ਲੱਗੀ ਕਿ, "ਆਪਣੀ ਥਾਂ 'ਤੇ
ਤੂੰ ਵੀ ਠੀਕ ਤੇ ਉਹ ਵੀ ਸੱਚਾ।
ਸੁੰਦਰਤਾ ਦਾ ਅਸਲ ਟਿਕਾਣਾ,
ਦੇਖਣ ਵਾਲੀ ਅੱਖ ਹੈ, ਬੱਚਾ!

ਸੂ-ਨਰਹ, ਸੂੰ-ਦਰਹ ਤੋਂ ਸੁੰਦਰ,
ਇਹ ਸੁੰਦਰਤਾ 'ਪੁਰਖ' ਲਈ ਹੈ।
ਜੀਵਨ ਲਈ, ਜੀਵਨ ਦੇ ਤੱਤ ਲਈ
ਤੇ 'ਤੱਤਾਂ ਦੇ ਬਿਰਖ' ਲਈ ਹੈ।

'ਸ਼ਿਵ' ਓਸੇ ਹੀ ਬਿਰਖ ਦਾ ਹਿੱਸਾ,
'ਸੁੰਦਰ' ਵੀ ਹੈ, 'ਘਾਤਕ' ਵੀ ਹੈ।
ਬਿਰਖ ਦਾ ਉਹ ਮਾਦਾ, ਜੋ ਪਤਝੜ,
ਉਸ ਮਾਦੇ ਦਾ ਮਾਲਕ ਵੀ ਹੈ।" (2)

---

1 ਚੀਨ, ਭਾਰਤ, ਯੂਨਾਨ, ਮਿਸਰ ਅਤੇ ਰੋਮ
ਦੀਆਂ ਸੱਭਿਅਤਾਵਾਂ

↑ਤਤਕਰਾ↑

ਕਹਿਣ ਲੱਗੀ," ਫ਼ਲ ਕਿਉਂ ਟੁੱਟਦਾ ਹੈ?
ਜੇ 'ਫ਼ਲ' ਇਸ ਦਾ ਕਾਰਣ ਲੱਭੇ;
ਉਸਦੀ 'ਹੋਂਦ' ਅਤੇ 'ਤਾਕਤ' ਦਾ,
ਬਾਹਰੋਂ ਕਿਤਿਓਂ ਪਤਾ ਨਾ ਲੱਗੇ।

ਖ਼ੁਸ਼ਬੋ ਦੇਣ ਵਾਲੀ 'ਕਸਤੂਰੀ',
ਉਸਦੇ ਅੰਦਰ ਹੀ ਹੁੰਦੀ ਹੈ।
ਜੇ ਉਹ 'ਜੜ੍ਹ' ਤਕ ਝਾਤੀ ਮਾਰੇ,
ਸਾਰੇ ਭੇਦ ਸੁਣਾ ਦਿੰਦੀ ਹੈ। (3)

ਕੁਦਰਤ ਨੇ ਭੰਡਾਰਾਂ ਤਾਈਂ,
ਨਾ ਛੁਪਾਇਆ, ਨਾ ਦਿਖਾਇਆ।
ਸਾਡੀ ਸਮਝ ਤੇ ਛੱਡ ਛੱਡਿਆ ਹੈ,
ਜੋ ਵੀ ਬਣਿਆਂ, ਜੋ ਬਣਵਾਇਆ।

'ਕੁਦਰਤ ਦੀ ਪਹਿਚਾਣ', ਪ੍ਰੀਤਮ!
ਪਾਣੀ ਵਿਚ ਲਕੀਰ ਦੇ ਵਾਂਗੂੰ।
ਹਵਾ ਦੇ ਵਿਚ ਲਿਖੇ ਹੋਏ ਅੱਖਰ,
'ਦਿਸਹੱਦੇ-ਅਖ਼ੀਰ' ਦੇ ਵਾਂਗੂੰ। (4)

ਲੋਕੀ ਕਹਿੰਦੇ," ਫ਼ਸਲ ਅਸਾਡੀ,
ਚਿੜੀਆਂ ਬਹੁਤ ਵੀਰਾਨ ਕਰਦੀਆਂ।
ਆਪਣਾ ਅੰਨ ਬਚਾਵਣ ਦੇ ਲਈ,
ਇਹਨਾਂ ਨੂੰ ਮਾਰੋ, ਜਿਵੇਂ ਮਰਦੀਆਂ।"

↑ ਤਤਕਰਾ ↑

ਕਈ ਹੀਲੇ, ਕਈ ਫੰਧ ਲਗਾ ਕੇ,
ਜਦ ਚਿੜੀਆਂ ਉਹਨਾਂ ਮਾਰ ਮੁਕਾਈਆਂ:
ਓਸੇ ਅੰਨ ਨੂੰ ਖ਼ਤਮ ਕਰਨ ਲਈ,
ਕੀੜਿਆਂ ਦੀਆਂ ਬਾਰਾਤਾਂ ਆਈਆਂ।

---

ਕੁਦਰਤ ਨੇ ਕਈ ਜੀਵਨ ਸਾੜੇ,
ਜੰਗਲ 'ਤੇ ਜਦ ਬਿਜਲੀ ਪਾਈ।
ਪਰ ਏਸੇ ਤੋਂ ਮਾਨੁੱਖਤਾ ਨੂੰ,
ਕਈ ਚੀਜ਼ਾਂ ਦੀ ਸੋਝੀ ਆਈ।

---

ਬੋਹੜ ਉੱਤੇ ਗੋਹਲਾਂ ਲਾਈਆਂ,
ਵੇਲਾਂ ਨਾਲ਼ ਵੱਡੇ ਹਦਵਾਣੇ।
ਕਿਉਂਕਿ ਬੋਹੜ ਦੀ ਠੰਡੀ ਛਾਂਵੇਂ
ਸੁੱਤੇ ਪਏ ਸਨ ਲੋਕ ਬਚਾਣੇ।

---

ਆਹ ਦੇਖ! ਇਕ ਮਾਲੀ ਏਥੇ,
ਇਕ ਗੁਲਾਬ ਦਾ ਬੂਟਾ ਲਾਉਂਦਾ:
ਹਰ ਟਾਹਣੀ 'ਤੇ ਕੰਡੇ ਕੰਡੇ,
ਫਿਰ ਵੀ ਉਸ ਨੂੰ ਪਾਣੀ ਪਾਉਂਦਾ।
ਸੌ ਕੰਡਿਆਂ ਦੇ ਹੁੰਦਿਆਂ ਹੋਇਆਂ,
ਉਹਨੂੰ ਗੁਲਾਬ ਦਾ ਬੂਟਾ ਕਹਿੰਦਾ।
ਇਕ ਸੁਹਣੇ ਫੁੱਲ ਦੀ ਛੁਹ ਖ਼ਾਤਿਰ,
ਕੰਡਿਆਂ ਦਾ ਦੁੱਖ ਸਹਿੰਦਾ ਰਹਿੰਦਾ। (5)

↑ ਤਤਕਰਾ ↑

ਤੂੰ ਤਾਂ ਆਖੇਂ, "ਕੰਡੇ ਕਿਉਂ ਨੇ
ਏਥੇ, ਜਿਥੇ ਫੁੱਲ ਖਿਲੇ ਨੇ?"
ਪਰ ਇਹ ਵੀ ਤਾਂ ਸੋਚ ਕਿ,
ਏਥੇ ਕੰਡਿਆਂ ਨੂੰ ਵੀ ਫੁੱਲ ਮਿਲੇ ਨੇ। (6)

↑ਤਤਕਰਾ↑

ਕੁਦਰਤ 'ਨਿਯਮਾਂ ਦੀ ਸ਼ਕਤੀ' ਹੈ,
ਹਰ ਜ਼ੱਰਾ ਏਸੇ ਦਾ ਅੰਗ ਹੈ।
ਚਿੱਟੇ ਤੋਂ ਕਾਲੇ ਤਕ, ਹਰ ਥਾਂ,
ਹਰ ਇਕ ਰੰਗ ਏਸੇ ਦਾ ਰੰਗ ਹੈ।

ਇਸ ਨੇ ਸਾਰੇ 'ਖੰਡ' ਤੇ 'ਬ੍ਰਹਿਮੰਡ',
ਕਿਸੇ ਨਿਯਮ ਵਿਚ ਪਾਏ ਹੋਏ।
ਆਪਣੀ ਹੋਂਦ ਕਾਇਮ ਰੱਖਣ ਲਈ,
'ਜੀਵਨ', 'ਮੌਤ', ਬਣਾਏ ਹੋਏ।

ਜੀਵਨ ਅਤੇ ਮੌਤ ਦੇ ਚੱਕਰ,
ਕੁਦਰਤ ਦੀ ਪਰਕਰਮਾਂ ਕਰਦੇ।
ਆਪਣੀ ਆਪਣੀ ਉਮਰ ਪੁਗਾ ਕੇ,
ਸੂਰਜ, ਚੰਦ, ਤਾਰੇ ਵੀ ਮਰਦੇ। (7)

ਕੁਦਰਤ ਦਾ ਇਹ ਨੇਮ ਹੈ, ਪ੍ਰੀਤਮ!
'ਕੋਈ ਨਾ ਕਿਸ ਹੀ ਜਿਹਾ' ਬਣਾਵੇ।
ਧਰਤੀ ਉਤੇ ਬੀਜ ਬਖੇਰੇ,
ਬਾਗਾਂ ਵਾਂਗ ਨਾ ਫੁੱਲ ਲਗਾਵੇ।

ਜਲ ਦੇ ਵਿਚ ਜੀਵਨ ਜਲ-ਭਾਉਂਦਾ,
ਥਲ ਦੇ ਵਿਚ ਥਲ-ਭਾਉਂਦਾ ਪਾਵੇ।
ਨ੍ਹੇਰੇ ਵਿਚ 'ਨ੍ਹੇਰੇ ਦੇ ਵਾਸੀ'
ਹੋਰਾਂ ਲਈ ਸੂਰਜ ਚਮਕਾਵੇ।

ਹਰ ਸ਼ੈਅ ਇਕ ਦੂਜੀ ਤੋਂ ਵੱਖਰੀ,
ਹਰ ਸ਼ੈਅ ਆਪਣੇ ਆਪ 'ਚ ਸੁੰਦਰ।
ਹਰ ਸ਼ੈਅ ਇਕ ਆਜ਼ਾਦ ਕੜੀ ਹੈ,
ਹਰ ਸ਼ੈਅ ਇਕ ਦੂਜੇ 'ਤੇ ਨਿਰਭਰ। (8)

↑ ਤਤਕਰਾ ↑

ਕੁਦਰਤ ਵੀ ਰਚਨਾ ਹੈ, ਪ੍ਰੀਤਮ!
ਰਚਣਹਾਰ ਨੂੰ ਕੋਈ ਨਾ ਜਾਣੇ।
ਕਿੱਥੋਂ ਲੈ ਕੇ ਕਿੱਥੋਂ ਤਕ ਹੈ,
ਇਸ ਆਕਾਰ ਨੂੰ ਕੋਈ ਨਾ ਜਾਣੇ। (9)

ਕੁਦਰਤ ਦੀ ਸੀਮਾ ਨਹੀਂ ਕੋਈ,
ਨਾ ਹੀ ਕੁਦਰਤ ਬੰਦਸ਼ ਲਾਵੇ।
ਇਹ ਸਾਡੀ ਆਪਣੀ ਹਸਤੀ ਹੀ,
ਆਪਣੀ ਸੀਮਾ ਆਪ ਬਣਾਵੇ।

ਦੇਸ਼, ਧਰਮ, ਫ਼ਿਰਕੇ ਦੇ ਨਾਂ 'ਤੇ,
ਸੀਮਾ ਹੀ ਝਗੜੇ ਕਰਵਾਵੇ।
ਜੀਵਨ ਲਈ ਅੰਮ੍ਰਿਤਾ ਚਹੁੰਦੀ,
ਜੀਵਨ ਦਾ ਗਲ ਘੁੱਟੀ ਜਾਵੇ।

'ਇੱਛਾ ਤੇ ਸਮਰੱਥਾ-ਜਾਈ '
ਇਹ ਸੀਮਾ, 'ਹਉਮੈ' ਤਕ ਹੁੰਦੀ।
ਸਹੀ ਮਾਅਨਿਆਂ ਦੇ ਵਿਚ ਦੇਖੋ,
ਸਾਡੀ ਸੀਮਾ 'ਮੈਂ' ਤਕ ਹੁੰਦੀ। (10)

ਸਾਡੀ ਸੀਮਾ, ਦਿਨ ਤਕ ਹੋਈ।
ਸਾਡੀ ਸੀਮਾ, ਫੁੱਲ ਤਕ ਹੋਈ।
'ਪੂਰਣਤਾ' ਲਈ ਬਣੇ ਆਲਸੀ,
ਸਾਡੀ ਸੀਮਾ, 'ਭੁੱਲ' ਤਕ ਹੋਈ।

ਜੀਵ ਨੇ ਖ਼ੁਦ ਆਪਣੇ ਆਪ ਨੂੰ,
ਘੇਰਿਆਂ ਦੇ ਵਿਚ ਕੈਦੀ ਕੀਤਾ।
"ਬੰਦਾ ਭੁੱਲਣਹਾਰ ਹੈ", ਕਹਿ ਕੇ,
ਇਹ ਤਾਂ ਕਿਸੇ ਮਜ਼ਾਕ ਸੀ ਕੀਤਾ।

↑ ਤਤਕਰਾ ↑

‘ਰੱਬ’ ਦੇ ਤੁੱਲ, ਸਾਡੇ ਵਿਚੋਂ ਹੀ,
ਕੋਈ ਕੋਈ ’ਅਵਤਾਰ’ ਹੋਇਆ ਹੈ।
ਇਸ ਦੁਨੀਆਂ ਦੀ ਮਿਥੀ ਹੋਈ,
ਹਰ ਸੀਮਾ ਤੋਂ ਪਾਰ ਹੋਇਆ ਹੈ। (11)

ਇਹ ਕੁਦਰਤ ਨਿਰਭਓ ਹੈ, ਪ੍ਰੀਤਮ!
ਇਹ ਕੁਦਰਤ ਨਿਰਵੈਰ ਹੈ, ਪ੍ਰੀਤਮ!
ਹੈ ਸੁਹੱਪਣ ਤਾਂ ਸਭ ਦੇ ਲਈ,
ਸਭ ਦੇ ਲਈ ਹੀ ਕਹਿਰ ਹੈ, ਪ੍ਰੀਤਮ!

ਨਾ ਇਹ ਛੋਟਾ ਵੱਡਾ ਜਾਣੇ।
ਨਾ ਇਹ ਗੋਰਾ ਕਾਲਾ ਜਾਣੇ
ਨਾ ਇਹਦੇ ਲਈ ਕੋਈ ਅਧਰਮੀਂ,
ਨਾ ਕੋਈ ਧਰਮਾਂ ਵਾਲਾ, ਜਾਣੇ।

ਠੰਡ ਲਗਦੀ ਤਾਂ ਸਭ ਨੂੰ ਲਗਦੀ,
ਗਰਮੀ ਲੱਗੇ, ਸਭ ਨੂੰ ਲੱਗੇ।
ਪਾਣੀ ਸਭ ਦੀ ਪਿਆਸ ਬੁਝਾਵੇ,
ਹਵਾ ਵਗੇ ਤਾਂ ਸਭ ਲਈ ਵਗੇ।

ਕੁਦਰਤ ਨੂੰ ਕੋਈ ਜਿੱਤ ਨਹੀਂ ਸਕਦਾ,
ਭਾਵੇਂ ਲੱਖਾਂ ਜ਼ੋਰ ਲਗਾਵੇ;
ਪਰ ਜੋ ਸਮਝੇ ਇਸ ਕੁਦਰਤ ਨੂੰ,
ਇਹ ਉਸਦੀ ਦੋਸਤ ਬਣ ਜਾਵੇ।

ਬਾਦਬਾਨ ਲਹਿਰਾਂ ਨੂੰ ਚੀਰੇ,
ਕੋਈ ਘਰਾਟ ਚਲਾਈ ਜਾਵੇ।
ਵਿੰਡਮਿੱਲ[1] ਅਤੇ ਡੈਮ[2] ਦੇ ਚੱਕੇ,
ਰਾਤੀਂ ਦਿਨੇ ਘੁਮਾਈ ਜਾਵੇ। (12)

---

1. Windmill   2. Dam

↑ ਤਤਕਰਾ ↑

ਆਪਣੇ ਵਾਤਾਵਰਣ ਦੇ ਅੰਦਰ,
'ਰੂਹ' ਦਾ ਚੰਦ ਵੀ ਤੁਰਿਆ ਜਾਵੇ।
ਸਾਡੀਆਂ ਨਜ਼ਰਾਂ ਦਾ ਧੋਖਾ ਹੈ :
ਕਿ ਇਹ ਘਟਦਾ ਵਧਦਾ ਜਾਵੇ,
ਕਿ ਇਹ ਪੁੰਨਿਆਂ ਦਾ ਬਣ ਜਾਂਦਾ,
ਕਿ ਗ੍ਰਹਿਣ ਇਸ ਨੂੰ ਲੱਗ ਜਾਵੇ,
ਮੱਸਿਆ-ਮੌਤ ਦੇ ਪਰਦੇ ਪਿੱਛੇ
ਆ ਜਾਵੇ ਤਾਂ ਨਜ਼ਰ ਨਾ ਆਵੇ।

ਇਸ 'ਰੂਹ' ਦੀ ਵੀ ਹੋਂਦ ਤਾਂ ਆਪਣੀ,
ਪਰ 'ਚਾਨਣੀ' ਇਸ ਦੀ ਨਹੀਂ ਹੈ।
ਜੇ 'ਸੂਰਜ' ਚਾਨਣ ਨਾ ਦੇਵੇ,
ਤਾਂ ਨ੍ਹੇਰੇ ਵਿਚ ਦਿਸਦੀ ਨਹੀਂ ਹੈ। (13)

ਆਮ ਰੂਹ ਕਮਚੋਟੀ ਹੁੰਦੀ,
ਪਰ ਸਭ ਕੁਝ ਹੀ ਪਾਉਣਾ ਚਾਹਵੇ।
ਜੋ ਵੀ ਇਸ ਦੇ ਕਾਬੂ ਆਵੇ,
ਉਸ 'ਤੇ ਹੁਕਮ ਚਲਾਉਣਾ ਚਾਹਵੇ।

ਹੁਕਮ ਨਾ ਮੰਨੇ ਜਿਹੜਾ ਇਸ ਦਾ,
ਉਸ ਨੂੰ ਸਬਕ ਸਿਖਾਉਣਾ ਚਾਹਵੇ।
ਜੰਤ੍ਰ, ਮੰਤ੍ਰ, ਤੰਤ੍ਰ ਕੀ ਹੈ!
ਹਰ ਇਕ ਤਰ੍ਹਾਂ ਮਿਟਾਉਣਾ ਚਾਹਵੇ। (14)

ਕਦੀ ਕਦੀ ਇਹ ਵੀ ਲਗਦਾ ਹੈ,
ਕੁਦਰਤ ਕੇਡਾ ਜ਼ੁਲਮ ਕਮਾਵੇ,
ਭੋਲੇ -ਭਾਲੇ ਵਸਦੇ ਰਸਦੇ,
ਲੋਕਾਂ ਨੂੰ ਇਹ ਮਾਰ ਮੁਕਾਵੇ।

↑ ਤਤਕਰਾ ↑

ਫੁੱਲਾਂ ਨੂੰ ਮਿੱਟੀ ਵਿਚ ਰੋਲੇ,
ਜਦ ਪਤਝੜ ਦਾ ਮੌਸਮ ਆਵੇ।
ਨਵੇਂ ਫੁੱਲ ਤੱਕੇ ਤਾਂ ਸਮਝੇ,
ਕਿਉਂ ਇਹ 'ਕੁਝ ਇਕ ਨਾਮ' ਮਿਟਾਵੇ। (15)

ਕੁਦਰਤ ਦਾ ਤੋਰਾ ਤੋਰਨ ਲਈ,
ਜੀਵ ਦਾ ਜੀਵ ਆਧਾਰ ਵੀ ਹੁੰਦਾ।
ਤੇ ਏਸੇ ਕੁਦਰਤ ਦੀ ਖ਼ਾਤਿਰ,
ਜੀਵ ਦਾ ਜੀਵ ਆਹਾਰ ਵੀ ਹੁੰਦਾ। (16)

ਜੇ ਇਹ ਧਰਤੀ ਤੁਰਦੀ ਤੁਰਦੀ,
ਆਪਣੇ ਰਾਹੋਂ ਪਰੇ ਹੋ ਜਾਵੇ;
ਇਸ ਦੇ ਜੀਵਾਂ ਜੰਤਾਂ ਤਾਈਂ,
'ਬਰਫ਼ਾਂ ਦਾ ਯੁਗ' ਆਣ ਦਬਾਵੇ।

ਜੇ ਕੋਈ ਤਾਰਾ ਤੁਰੇ ਕੁਰਾਹੇ,
ਦੂਜੇ ਦੇ ਵਿਚ ਜਾ ਟਕਰਾਵੇ।
ਨਾਲ਼ੇ ਉਸਦੀ ਹੋਂਦ ਮਿਟਾਵੇ,
ਨਾਲੇ ਆਪਣੀ ਹੋਂਦ ਗੁਆਵੇ।

ਠੀਕ ਹੈ, ਕਿ ਹਰ ਫਲ ਟੁੱਟਣਾ ਹੈ,
ਕੱਚਾ ਟੁੱਟੇ, ਨਿਹਫ਼ਲ਼ ਜਾਵੇ।
ਨਾ ਹੀ ਕੰਮ ਕਿਸੇ ਦੇ ਆਵੇ,
ਨਾ ਹੀ ਆਪਣਾ 'ਬੀਜ' ਬਣਾਵੇ।

'ਜੀਵ' ਨੂੰ ਜੀਵਨ ਜੀਵ ਨੇ ਦਿੱਤਾ,
ਜੇ ਇਹ ਨਾ ਇਹਨੂੰ ਅਗਾਂਹ ਚਲਾਵੇ।
ਜਾਂ ਇਹ ਜੀਵਨ ਮਾਰ ਮੁਕਾਵੇ,
ਤਾਂ ਇਹ ਨਾ ਕੁਦਰਤ ਨੂੰ ਭਾਵੇ। (17)

↑ਤਤਕਰਾ↑

ਸਾਨੂੰ ਹੁਣ ਤਕ ਦੱਸਿਆ ਜਾਂਦਾ,
'ਦੁਨੀਆਂ ਛਲ ਹੈ', ਇਹਨੂੰ ਤਿਆਗੋ ।
'ਜੀਵਨ ਪਿੱਛੋਂ ਕਿੱਥੇ ਜਾਣਾ',
ਇਹ ਪਤਾ ਕਰਨ ਲਈ 'ਜਾਗੋ'।

ਏਸ ਤਰ੍ਹਾਂ ਦੀ ਸੋਚ ਦਾ ਜੇਕਰ,
ਸਾਡੇ ਮਨ 'ਤੇ ਭਾਰ ਰਹੇਗਾ,
'ਸਤਿ-ਚਿੱਤ-ਅਨੰਦ' ਭਾਲਦਾ
ਸਦਾ ਦੁਖੀ ਸੰਸਾਰ ਰਹੇਗਾ।

ਨਹੀਂ, ਇਹ ਦੁਨੀਆਂ ਨਹੀਂ ਛਲਾਵਾ,
ਦੁਨੀਆਂ ਸੱਚ ਹੈ, ਏਨਾ ਜਾਣੋ।
ਮੌਤ ਸੱਚ, ਜੀਵਨ ਵੀ ਸੱਚ ਹੈ,
ਏਸ ਲਈ ਦੋਹਾਂ ਨੂੰ ਮਾਣੋ। (18)

ਕਿਸੇ ਆਖਿਆ,"ਰੱਬ ਵੀ ਹੁੰਦਾ;
ਮਿਲ ਜਾਵੇ ਤਾਂ ਸਭ ਕੁਝ ਦੇਵੇ।"
ਧਰਮ, ਧੁਜਾ ਤੇ ਧਰਮਰਾਜ ਵੀ
ਏਸੇ ਸੋਚ ਦੇ ਹੀ ਨੇ ਮੇਵੇ।

ਰੱਬ ਨੂੰ ਲੱਭਣ ਤੁਰਿਆ ਜਿਹੜਾ,
ਉਸ ਦਾ ਬ੍ਰਹਿਮੰਡ, ਕਮਰਾ ਬਣਿਆਂ।
ਉਸ ਕਮਰੇ ਦੀ ਹਰ ਕੰਧ 'ਸ਼ੀਸ਼ਾ'
ਉਹ ਕਮਰਾ ਜਾਵੇ ਨਾ ਮਿਣਿਆਂ।

ਲੱਖਾਂ ਕਸ਼ਟ ਉਠਾ ਕੇ ਜਿਹੜਾ,
ਕਿਸੇ ਵੀ ਕੰਧ ਦੇ ਨੇੜੇ ਆਇਆ।
ਓਸ ਕੰਧ ਨੇ, ਹੌਲੀ ਦੇ ਕੇ,
ਉਸ ਨੂੰ ਆਪਣਾ ਆਪ ਦਿਖਾਇਆ। (19)

↑ਤਤਕਰਾ↑

ਜੀਵਨ ਸੌਖਾ ਕਰਨ ਦੇ ਲਈ,
'ਚੇਤਨਾ ਵਿਚ' ਸਬੱਬ ਬਣੇ ਨੇ।
ਇਸ ਦਾ ਸਾਥ ਜੋ ਲੈ ਕੇ ਚੱਲੇ,
ਰੱਬ ਲੱਭਿਆ ਨਹੀਂ, ਰੱਬ ਬਣੇ ਨੇ। (20)

↑ ਤਤਕਰਾ ↑

ਧਰਮ ਅਤੇ ਸਿਆਸਤ ਦੇ ਨਾਂ ’ਤੇ,
ਇਹ ਜੋ ਸਾਡੀਆਂ ਜਥੇਬੰਦੀਆਂ,
ਕੁਦਰਤ ਦੇ ਖ਼ਿਲਾਫ਼ ਸਾਜ਼ਿਸ਼ ਨੇ,
ਕਿਉਂਕਿ ਇਹ ਲਾਵਣ ਪਾਬੰਦੀਆਂ।

ਮੌਤ-ਵਾਦੀ ਨੇ ਰਾਜ-ਨੀਤੀਆਂ,
ਮੌਤ-ਵਾਦੀ ਹੀ ਧਰਮ ਬਣੇ ਨੇ।
ਮੌਤ-ਵਾਦੀ ਹੀ ਸੋਚ ਹੈ ਸਾਡੀ,
ਮੌਤ-ਵਾਦੀ ਹੀ ਕਰਮ ਬਣੇ ਨੇ।

ਪਰ ਕੁਦਰਤ ਜੀਵਨ-ਵਾਦੀ ਹੈ,
ਇਸ ਨੇ ਜੀਵਨ ਚਲਦਾ ਰੱਖਣਾ।
ਇਸ ਦੀ ਹੋਂਦ ਕਾਇਮ ਰੱਖਣ ਲਈ,
ਫਲਦਾ,ਗਲਦਾ, ਫਲਦਾ ਰੱਖਣਾ।

ਨਿਰਾ ’ਅਮਨ’ ਜੀਵਨ ਹੋ ਸਕਦੈ,
ਨਿਰਾ ’ਅਮਨ’ ਕੁਦਰਤ ਨੂੰ ਖੋਰੇ।
ਨਿਰਾ ’ਅਮਨ’ ਕੁਦਰਤ ਨਹੀਂ ਚਹੁੰਦੀ,
ਨਿਰਾ ’ਅਮਨ’ ਜੀਵਨ ਨਾ ਤੋਰੇ। (21)

ਜੀਵਨ ਉੱਤੇ ਮੌਤ ਦਾ ਸਾਇਆ,
ਕਿਸੇ ਧਰਮ ਤੋਂ ਮਿਟ ਨਹੀਂ ਸਕਣਾ।
ਧਰਮ, ਜੋ ਕੁਦਰਤ ਤੋਂ ਵੱਖਰਾ ਹੈ,
ਕੁਦਰਤ ਸਾਹਵੇਂ ਟਿਕ ਨਹੀਂ ਸਕਣਾ।

ਕੁਦਰਤ ਦਾ ਤੋਰਾ ਤੋਰਨ ਲਈ,
ਜੀਵ ਦਾ ਜੀਵ ਆਧਾਰ ਰਹੇਗਾ।
ਤੇ ਏਸੇ ਕੁਦਰਤ ਦੀ ਖ਼ਾਤਿਰ,
ਜੀਵ ਦਾ ਜੀਵ ਆਹਾਰ ਰਹੇਗਾ। (22)

↑ ਤਤਕਰਾ ↑

ਕੁਦਰਤ ਦਾ ਇਹ ਵੀ ਨਿਯਮ ਹੈ,
ਕੋਈ ਨਾ ਏਥੋਂ ਮਿਟਣਾ ਚਾਹਵੇ।
ਘੇਰਾ ਸੁੰਗੜਦਾ ਜੇ ਦੇਖੇ,
ਤੱਟ ਫੱਟ ਬਾਹਰ ਆ ਜਾਵੇ।

ਅੱਤਵਾਦ 'ਕਰਮ' ਨਹੀਂ ਹੁੰਦਾ,
ਇਹ ਤਾਂ 'ਪ੍ਰਤੀ-ਕਰਮ' ਹੈ, ਪ੍ਰੀਤਮ!
ਆਪਣੀ ਆਪ ਸੁਰੱਖਿਆ ਕਰਨਾ,
ਇਹ ਹਰ ਇਕ ਦਾ 'ਧਰਮ' ਹੈ, ਪ੍ਰੀਤਮ!

ਅੱਤਵਾਦੀ ਕਦੇ ਨਹੀਂ ਜੰਮਦਾ,
ਇਹ ਸਮਾਜ ਦੀ ਦੇਣ ਹੈ, ਪ੍ਰੀਤਮ!
ਬੇਇਨਸਾਫ਼ੀ, ਧੱਕੇਸ਼ਾਹੀ
ਦੇ ਰਿਵਾਜ ਦੀ ਦੇਣ ਹੈ, ਪ੍ਰੀਤਮ!

ਅੱਤਵਾਦੀ ਚੰਗੇ ਨਹੀਂ ਲਗਦੇ,
ਤਾਂ ਇਹਨਾਂ ਨੂੰ ਨਾ ਬਣਾਓ।
ਆਪਣੇ ਹੱਥੀਂ, ਰਾਹਾਂ ਦੇ ਵਿਚ,
ਆਪੇ ਕੰਡੇ ਨਾ ਉਗਾਓ। (23)

ਕੁਦਰਤ ਦੇ ਵਿਚ ਰਹਿ ਕੇ, ਪ੍ਰੀਤਮ!
ਜੀਵਨ ਜੀਵੋ ਅਤੇ ਸ਼ਿੰਗਾਰੋ।
ਇਸ ਨੇ ਆਪੇ ਤੁਰਦੇ ਬਣਨਾ,
ਅਣਿਆਈ ਮੌਤੇ ਨਾ ਮਾਰੋ। (24)

ਜੀਵਨ ਵਿਚ ਜੇ ਦੁੱਖ ਬੜੇ ਨੇ,
ਸੁਖ ਲਈ ਤਾਣ ਲਗਾ ਕੇ ਜੀਵੋ।
ਜਦ ਤਕ ਸਾਹ ਵਿਚ ਸਾਹ ਹੈ, ਪ੍ਰੀਤਮ!
ਵਿਸ਼-ਮਈ ਅੰਮ੍ਰਿਤ ਨੂੰ ਪੀਵੋ। (25)

↑ ਤਤਕਰਾ ↑

ਕੱਲ੍ਹ ਸਮੇਂ ਨੇ 'ਕੀ ਕੀਤਾ ਸੀ',
ਕੱਲ੍ਹ ਨੂੰ ਖ਼ਬਰੇ 'ਕੀ ਕਰ ਜਾਵੇ',
ਪਿੱਛੇ, ਅੱਗੇ ਦੇ ਫ਼ਿਕਰ ਵਿਚ,
ਕਿਤੇ ਨਾ 'ਹੁਣ ਦਾ ਪਲ' ਮਰ ਜਾਵੇ। (26)

ਇਹ ਸੱਭਿਤਾ, ਚੰਗੀ ਜਾਂ ਮੰਦੀ,
ਜਿਸ ਵੇਲੇ ਤੋਂ ਵੀ ਹੈ ਚੱਲੀ।
ਹਰ ਇਕ ਇਨਕਲਾਬ ਦੇ ਵਿਚੋਂ,
ਇਸ ਨਾਗਣ ਬਸ ਕੁੰਜ ਹੀ ਬਦਲੀ।

ਸਮਿਆਂ ਦੇ ਘਰ ਅੰਦਰ, ਪ੍ਰੀਤਮ!
ਸੱਭਿਤਾ ਆਈ, ਸੱਭਿਤਾ ਬੀਤੀ।
ਮੋਟੇ ਤੌਰ ਤੇ ਕਹਿ ਸਕਦੇ ਹਾਂ,
ਰੂਹ ਨੇ ਕੁਝ ਤਰੱਕੀ ਕੀਤੀ।

ਸਮਿਆਂ ਦੇ ਘਰ ਜੀਵਨ ਮਿਟਣੇ,
ਜੀਵਨ ਦੀ ਹਰ ਸ਼ੈਅ ਨੇ ਮਿਟਣਾ।
ਸਮਿਆਂ ਦਾ ਸਭ ਕੁਝ ਕਿਰ ਜਾਣਾ,
ਪਰ ਸਮਿਆਂ ਦਾ ਕੁਝ ਨਾ ਘਟਣਾ। (27)

ਸਾਡੇ 'ਕਰਮ' ਬੜੇ ਘੱਟ ਹੁੰਦੇ,
ਬਹੁਤੇ, 'ਪ੍ਰਤੀਕਰਮ' ਨੇ, ਪ੍ਰੀਤਮ!
ਇਸ ਇਹ ਕੀਤਾ, ਉਸ ਔਹ ਕੀਤਾ,
ਇਹ ਵੀ ਸਾਡੇ ਭਰਮ ਨੇ, ਪ੍ਰੀਤਮ! (28)

↑ਤਤਕਰਾ↑

ਹਰ ਜ਼ੱਰਾ, ਜ਼ੱਰੇ ਨਾਲ ਜੁੜਿਆ,
ਇਕ ਹਿੱਲੇ, ਦੂਜਾ ਹਿੱਲ ਜਾਵੇ।
ਹਰ ਘਟਣਾ, ਘਟਣਾ ਨੂੰ ਜਨਮੇਂ,
ਭਾਵੇਂ ਸਾਨੂੰ ਨਜ਼ਰ ਨਾ ਆਵੇ।

ਝੱਖੜ ਤਾਂ ਝੱਖੜ ਹੁੰਦੇ ਨੇ,
ਨਜ਼ਰ ਮਿਲੇ ਤਾਂ ਦਿਲ ਧੜਕਾਵੇ।
ਅੱਜ ਰੀਮੋਟ-ਕੰਟਰੋਲ * ਨੂੰ ਦੇਖੋ,
ਦਿਸਦਾ ਨਹੀਂ, ਜੋ ਕਰਦਾ ਜਾਵੇ। (29)

ਜਿਸ ਸਮੇਂ ਤੋਂ ਜੀਵਨ ਬਣਦਾ,
ਜਿਸ ਸਮੇਂ ਤਕ ਜੀਵਨ ਮਰਦਾ,
ਹਰ ਛੋਟੀ ਜਾਂ ਵੱਡੀ ਰੂਹ ਨੂੰ,
ਇਹ 'ਸਮਾਂ' ਪ੍ਰਭਾਵਿਤ ਕਰਦਾ। (30)

'ਪ੍ਰਭਾਵਾਂ ਦੇ ਅਦਾਕਾਰ' ਜਦ,
ਸਾਡੇ ਮਨ ਦੀ ਮੰਚ 'ਤੇ ਆਉਂਦੇ,
ਸਾਡੇ ਹੀ ਕਈ ਵੱਖਰੇ ਚਿਹਰੇ,
ਸਾਨੂੰ ਹੀ ਨੇ ਆਣ ਦਿਖਾਉਂਦੇ।

ਜੋ ਕਮਜ਼ੋਰੀ ਅਸਾਂ ਛੁਪਾਈ,
ਉਸ ਨੂੰ ਨੰਗਿਆਂ ਕਰ ਦਿਖਲਾਉਂਦੇ।
ਸਾਡੀ ਤਾਕਤ ਦੇ ਬੁਰਜਾਂ ਨੂੰ,
ਸਾਡੇ ਹੱਥੋਂ ਹੀ ਢਵਾਉਂਦੇ।

---

* Remote Control

↑ ਤਤਕਰਾ ↑

ਏਸ ਬਣਾਉਟੀ ਦੁਨੀਆਂ ਦੇ ਵਿਚ,
ਸਾਡਾ ਅਸਲੀ ਰੂਪ ਦਿਖਾਉਂਦੇ।
ਕੁਝ ਚਿਰ ਦੇ ਲਈ ਸਾਡੇ ਕੋਲੋਂ,
ਸਾਡੀ ਹੀ ਪਹਿਚਾਣ ਗਵਾਉਂਦੇ।

ਇਕ 'ਨਵੀਂ ਪਹਿਚਾਣ' ਕਰਾਉਂਦੇ।
ਚੇਤਨਾ ਸੁੱਤੀ ਪਈ ਜਗਾਉਂਦੇ।
"ਤੂੰ ਵੀ ਬੂੰਦ ਸਮੁੰਦਰ ਦੀ ਹੈਂ,"
ਉੱਚੀ ਉੱਚੀ ਆਖ ਸੁਣਾਉਂਦੇ।

ਸਾਨੂੰ 'ਅਦਾਕਾਰ' ਬਣਾਉਂਦੇ।
ਤੇ ਫਿਰ ਉਂਗਲਾਂ ਉੱਤੇ ਨਚਾਉਂਦੇ।
ਜੋ ਭੂਮਿਕਾ ਦਿੰਦੇ ਸਾਨੂੰ,
ਓਸੇ ਤਾਈਂ ਹਾਂ ਅਸੀਂ ਨਿਭਾਉਂਦੇ।

ਇਹ 'ਪ੍ਰਭਾਵ' ਕਿਸ ਤਰ੍ਹਾਂ ਆਉਂਦੇ?
ਜਦੋਂ ਏਸ ਦੀ ਸਮਝ ਨਾ ਆਵੇ:
ਚੇਤਨਾ ਹੀ ਚੇਤਨਾ ਨੂੰ ਢੂੰਢੇ,
ਜੜ੍ਹ ਹੀ ਜੜ੍ਹ ਨੂੰ ਲੱਭਣ ਜਾਵੇ। (31)

'ਜੀਵ' ਅਤੇ 'ਨਿਰਜੀਵ' ਹੀ ਨਹੀਂ,
ਹੋਰ ਪਤਾ ਨਹੀਂ ਕੀ ਕੀ ਏਥੇ।
ਸਾਡੇ ਕੋਲ ਉਹ ਅੱਖ ਹੀ ਨਹੀਂ,
'ਸਾਡੀ ਹੀ ਦੁਨੀਆਂ' ਜੋ ਦੇਖੇ।

ਨ੍ਹੇਰੇ ਵਿਚੋਂ ਜੀਵਨ ਆਵੇ,
ਨ੍ਹੇਰੇ ਦੇ ਵੱਲ ਤੁਰਿਆ ਜਾਵੇ
ਜਿਹੜਾ ਇਸ ਦੇ ਰਾਜ਼ ਨੂੰ ਸਮਝੇ,
ਉਹ ਨਾ ਆਪਣਾ ਸਮਾਂ ਗੁਆਵੇ।

↑ ਤਤਕਰਾ ↑

ਉਹ ਤਾਂ  ਹਰ 'ਪਲ', ਉਮਰ ਬਣਾਵੇ।
ਗਾਵੇ, ਗਿੱਧੇ, ਭੰਗੜੇ ਪਾਵੇ।
ਜੀਵਨ ਦੇ ਇਸ ਚੋਲ਼ੇ ਤਾਈਂ,
ਰੱਜ ਕੇ ਮਾਣੇ, ਖ਼ੂਬ ਹੰਡਾਵੇ।

ਨਾ ਉਹ ਫੇਰ ਕਿਸੇ ਤੋਂ ਡਰਦਾ,
ਨਾ ਹੀ ਕਿਸੇ ਨੂੰ ਉਹ ਡਰਾਵੇ।
ਨਾ ਫਿਰ ਕੋਈ ਦੁਸ਼ਮਣ ਉਸਦਾ,
ਨਾ ਹੀ ਵੈਰ ਵਿਰੋਧ ਕਮਾਵੇ।

ਦੁਨੀਆਂਦਾਰੀ ਦੇ ਖੇਤਰ ਵਿਚ,
ਰੋਜ਼ ਨਵਾਂ ਇਕ ਬੂਟਾ ਲਾਵੇ।
ਕੁਦਰਤ ਦੀ ਹਰ ਸ਼ੈਅ ਮਾਨਣ ਨੂੰ,
ਚੰਦਰਮਾ ਤੋਂ ਅੱਗੇ ਜਾਵੇ।

ਪਿੱਛੇ ਦੀ ਕੋਈ ਝਾਕ ਨਾ ਰੱਖੇ,
ਅੱਗੇ ਰਾਹ ਸੁਵਾਰੀ ਜਾਵੇ।
ਜੋ ਕਰ ਸਕਦਾ, ਕਰਦਾ ਜਾਵੇ,
ਨਾ ਹੋ ਸਕੇ, ਵਿਸਾਰੀ ਜਾਵੇ।

ਮਨ ਅਤੇ ਦਿਲ ਦੀ ਦੁਨੀਆਂ ਵਿਚ,
ਜਜ਼ਬੇ ਨਹੀਂ ਅਸੂਲ ਨਿਭਾਵੇ।
ਆਪਣਿਆਂ ਲਈ ਸੁਰਗ ਬਣਾਉਂਦਾ,
ਦੂਜਿਆਂ ਲਈ ਨਾ ਨਰਕ ਬਣਾਵੇ।

ਆਪੂੰ ਕਿਸੇ 'ਚ ਦਖ਼ਲ ਨਾ ਦੇਵੇ,
ਹੱਥ ਮੰਗੇ ਕੋਈ, ਹੱਥ ਵਧਾਵੇ
ਤੇ ਉਸ ਹੱਥ ਦੀ ਲਾਜ ਰੱਖਣ ਲਈ,
'ਆਪਣੀ' ਹਰ ਸੀਮਾਂ ਲੰਘ ਜਾਵੇ।" (32)

↑ ਤਤਕਰਾ ↑

ਜਦ ਸਾਡਾ, ਸਾਡੀ ਆਪਣੀ ਹੀ
ਸੀਮਾ ਦਾ ਡਰ ਮਿਟ ਜਾਵੇਗਾ,
ਤਾਂ ਉਸ ਵੇਲੇ ਹਰ ਇਕ ਜ਼ੱਰਾ,
ਸਾਨੂੰ 'ਸੁੰਦਰ' ਨਜ਼ਰ ਆਵੇਗਾ। (33)

↑ਤਤਕਰਾ↑

ਬੇ-ਧਿਆਨਾ ਸੁਣ ਰਿਹਾ ਸਾਂ,
ਜੋ ਕੁਝ 'ਅੰਮਾਂ' ਬੋਲੀ ਜਾਵੇ।
ਕੁਝ ਗੱਲਾਂ ਤਾਂ ਸਮਝ 'ਚ ਆਈਆਂ,
ਕੁਝ ਗੱਲਾਂ ਦੀ ਸਮਝ ਨਾ ਆਵੇ।

"ਹੁਣ ਤੇ ਬਹੁਤ ਕੁਵੇਲਾ ਹੋਇਆ,
ਤੜਕੇ ਉਂਠ ਕੇ, ਚਲਿਆ ਜਾਵੀਂ।
ਤੇਰਾ ਆਪਣਾ ਘਰ ਹੈ, ਪ੍ਰੀਤਮ!
ਜਦ ਜੀਅ ਚਾਹਿਆ, ਫੇਰ ਵੀ ਆਵੀਂ।"

ਡੂੰਘੀ ਸ਼ਾਮ ਦਾ ਨ੍ਹੇਰਾ, ਬਾਹਰ,
ਸਾਰੇ ਪਾਸੇ ਛਾ ਰਿਹਾ ਸੀ।
ਘਰ ਨੂੰ ਆਉਂਦਾ, ਬੁੱਢਾ ਬਾਬਾ,
ਆਪਣੀ ਧੁਨ ਵਿਚ ਗਾ ਰਿਹਾ ਸੀ।

↑ ਤਤਕਰਾ ↑

‘ਅ’

ਇਕ ਮਾਂ ਨੇ ਜਦ ਸੁੱਖਾਂ ਸੁੱਖ ਕੇ,
ਮਨ ਦੀ ਇੱਛਾ ਪਾਈ।
ਪੁੱਤਰਾਂ ਦੀ ਜੋੜੀ ਲੈ ਕੇ ਉਹ,
ਮੰਦਰ ਦੇ ਵਿਚ ਆਈ।

ਕਹਿਣ ਲੱਗੀ ਕਿ, “ਰੱਬਾ!
ਜੇ ਹੁਣ ਤੇਰੀ ਕ੍ਰਿਪਾ ਹੋਵੇ।
ਇਸ ਜੋੜੀ ਨੂੰ ਕਦੇ, ਉਮਰ ਭਰ
ਦੁੱਖ, ਤਕਲੀਫ਼ ਨਾ ਹੋਵੇ।”

ਬਾਹਰ ਆਈ, ਤਾਂ ਕੀ ਦੇਖੇ!
ਪੁੱਤਰ ਮਰੇ ਪਏ ਨੇ।
‘ਇਹ’ ਕੀ ਜਾਣੇ, ਇਸ ਨੇ ਰੱਬ ਤੋਂ
ਇਹ ’ਵਰਦਾਨ’ ਲਏ ਨੇ।

---

ਜੀਵਨ ਹੈ ਖ਼ੁਸ਼ੀਆਂ ਤੇ ਗ਼ਮੀਆਂ
ਜੀਵਨ ਹੱਸਣਾ, ਰੋਣਾ।
ਜਿਸ ਵਿਚ ਦੁੱਖ ਤਕਲੀਫ਼ ਨਾ ਹੋਵੇ,
ਉਹ ਜੀਵਨ ਨਹੀਂ ਹੋਣਾ।

ਦੁੱਖ ਨੂੰ ਦੂਰ ਕਰਨ ਦਾ ਹੀ ਤਾਂ
ਦੂਜਾ ਨਾਮ ਖ਼ੁਸ਼ੀ ਹੈ।
ਜਿਸ ਨੂੰ ਏਨੀ ਸਮਝ ਨਾ ਆਈ,
‘ਪ੍ਰੀਤਮ’ ਉਹ ਦੁਖੀ ਹੈ। (1)*

---

* ਛੇਵੀਂ ਸਦੀ ਈਸਵੀ ਦੀ ਯੂਨਾਨੀ ਕਹਾਣੀ

↑ ਤਤਕਰਾ ↑

ਖ਼ੁਸ਼ੀ ਲਈ ਦੁਆ ਕਰਨੀ ਤਾਂ ਸੋਚ ਕੇ ਕਰਨੀ,
ਖ਼ੁਸ਼ੀ ਇਕ ਮਾਨਸਿਕ ਬੀਮਾਰੀ ਹੈ।
'ਨਿਰੰਤਰ ਹੋਂਦ' ਇਸਦੀ, ਹੁੰਦੀ ਨਰਕ ਜੀਵਨ ਦਾ,
ਉਮਰ ਭਰ ਦੀ ਖ਼ੁਸ਼ੀ ਕਿਸ ਨੇ ਸਹਾਰੀ ਹੈ? (2)

'ਜਜ਼ਬਾਤੀ-ਜ਼ਿੰਦਗੀ' ਹਲਕਾਇਆ ਕੁੱਤਾ ਹੈ,
ਇਸ ਦੇ ਸਿਰ ਨੂੰ, ਗ਼ਮੀਂ ਵੀ ਕਹਿੰਦੇ ਨੇ;
ਅਤੇ ਏਸੇ ਦੀ 'ਹਿੱਲਦੀ ਪੂਛਲ਼' ਨੂੰ,
ਕਹਿਣ ਵਾਲੇ, ਖ਼ੁਸ਼ੀ ਵੀ ਕਹਿੰਦੇ ਨੇ। (3)

ਤੱਕੜੀ ਦਾ ਇਕ ਪੱਲਾ ਖ਼ੁਸ਼ੀ ਹੈ ਤੇ ਦੂਜਾ ਗ਼ਮੀਂ,
ਇਨ੍ਹਾਂ ਦੋਹਾਂ ਵਿਚ ਸਦਾ ਉਲਟਾ ਸੰਬੰਧ ਹੈ।
ਦੋਹਾਂ ਵਿਚਕਾਰ, ਜਿਥੇ ਡੰਡੀ ਉਤੇ ਕੰਡਾ ਹੁੰਦਾ,
ਅਨੰਦ ਹੈ, ਅਨੰਦ ਹੈ, ਅਨੰਦ ਹੈ, ਅਨੰਦ ਹੈ। (4)

↑ਤਤਕਰਾ↑

ਆਵਾਗਵਣ ਦਾ ਜੋ ਇਹ ਸਵਾਲ ਹੈ,
ਮਾਨੁੱਖਤਾ ਦੀ ਬੜੀ ਪੁਰਾਣੀ ਭਾਲ ਹੈ,
ਮੈਂ ਇਹਨੂੰ ਮੰਨਾਂ, ਨਾ-ਮੰਨਾਂ ਦੋਸਤੋ!
ਉਮੀਦ ਦੇ ਲਈ ਇਹ ਚੰਗਾ ਖ਼ਿਆਲ ਹੈ। (5)

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰੇ-ਅਸਰ ਹੋਵੰਦੀ। (6)

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ।

ਇਹ ਹਵਾ ਦਾ ਹੈ ਛਿੱਦਾ ਜੋ ਬੇਨਾਮ ਹੈ।
ਅਣਬੁਝੀ ਹੀ ਰਹੀ ਤ੍ਰੇਹ ਦਾ ਅੰਜਾਮ ਹੈ।
ਇਕ ਦੇ ਬਾਅਦ ਇਕ ਇੱਛਾ ਮੰਜ਼ਿਲ ਇਹਦੀ,
ਸਿਰਫ਼ ਰਾਹਾਂ ਦੀ, ਇਹ ਹਮਸਫ਼ਰ ਹੋਵੰਦੀ।

ਇਹ ਖ਼ਲਾਵਾਂ, ਖ਼ਿਆਲਾਂ ਤੋਂ ਉਪਜੀ ਹੋਈ,
ਕਿਸੇ ਅਨਜਾਣ 'ਕਾਰਣ' ਦੀ ਸਿਰਜੀ ਹੋਈ।
ਤਨ ਬਦਨ ਦੇ ਘਰਾਂ ਨੂੰ ਇਹ ਲੋੜੇ ਸਦਾ,
ਕਦੀ ਨਾ-ਚਹੁੰਦਿਆਂ ਵੀ ਬੇਘਰ ਹੋਵੰਦੀ।

ਇਹ ਹੈ ਉਹ ਸਾਜ਼, ਵੱਜੇ, ਜੇ ਸੋਚੇ ਕੋਈ।
ਇਸਦੀ ਆਵਾਜ਼ ਵਿਰਲਾ ਹੀ ਸਮਝੇ ਕੋਈ।
ਇਹ ਹੀ 'ਪੱਥਰ' ਇਹ ਹੀ 'ਫਹਿਆ' ਹੋਵੰਦੀ,
ਇਹ ਹੀ 'ਸਾਬਿਰ' ਇਹ ਹੀ 'ਬੇਸਬਰ' ਹੋਵੰਦੀ।

↑ ਤਤਕਰਾ ↑

'ਆਦਮ' ਤੇ 'ਹਵਾ' ਤੋਂ ਕਰੋੜਾਂ ਬਣੇ,
ਮੌਤ ਦੇ ਹੁੰਦਿਆਂ ਵੀ ਨੇ ਤਾਣੇ ਤਣੇ।
ਇਹ ਮਜ਼ਲੂਮ ਵੀ ਹੈ ਤੇ ਜ਼ਾਲਿਮ ਵੀ ਹੈ,
ਇਹ ਹੀ ਆਕਾ ਤੇ ਇਹ ਹੀ ਨਫ਼ਰ ਹੋਵੰਦੀ।

ਰੂਹ ਹੁੰਦੀ ਹੈ ਕੀ? ਕੀ ਪਤਾ ਲਾਵਣਾ!
ਇਸ ਨੇ ਸੋਚਣ ਤੋਂ ਪਹਿਲਾਂ ਬਦਲ ਜਾਵਣਾ।
ਪੂਰੀ ਸ੍ਰਿਸ਼ਟੀ ਦੇ ਵਿਚ ਇਹ ਇਕੱਲੀ ਨਹੀਂ,
ਆਪਣੇ ਆਪੇ ਤੋਂ ਜੋ ਬੇਖ਼ਬਰ ਹੋਵੰਦੀ।

ਇੱਛਾਵਾਂ 'ਚ ਹੁੰਦੇ ਨੇ ਸਾਹ ਏਸਦੇ,
ਆਸ ਦੇ ਆਸਰੇ 'ਤੇ ਇਹ ਤੁਰਦੀ ਫਿਰੇ
ਉਸ ਵੇਲੇ ਕਦੇ ਨਾ ਇਹ ਜੀਂਦੀ ਰਵ੍ਹੇ,
ਜਦੋਂ ਇੱਛਾ ਦੀ ਝੋਲੀ ਸਿਫ਼ਰ ਹੋਵੰਦੀ।

ਇਹਦਾ ਇਕ ਬੀਜ ਕਈ ਰੂਹਾਂ ਪੈਦਾ ਕਰੇ।
ਕਦੀ ਖਾਲੀ ਕਰੇ, ਕਦੀ ਖਾਲੀ ਭਰੇ।
ਤਨ ਬਦਨ ਦੇ ਬਿਨਾਂ ਵੀ ਜਦੋਂ ਰਹਿ ਸਕੇ,
ਤਾਂ ਇਹ ਉਸ ਰੋਜ਼ ਜਾ ਕੇ 'ਅਮਰ' ਹੋਵੰਦੀ।

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰੇ-ਅਸਰ ਹੋਵੰਦੀ।

ਰੂਹ ਨੀਵੀਂ ਵੀ ਹੈ, ਰੂਹ ਉੱਚੀ ਵੀ ਹੈ,
ਰੂਹ ਕੂੜੀ ਵੀ ਹੈ, ਰੂਹ ਸੁੱਚੀ ਵੀ ਹੈ।
ਇਹ 'ਮਹਾਂ-ਆਤਮਾ', ਇਹ 'ਪਰਮ-ਆਤਮਾ'
ਇਹ ਨਜ਼ਾਰਾ ਤੇ ਇਹ ਹੀ ਨਜ਼ਰ ਹੋਵੰਦੀ।

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ। (7)**

---

**ਭਾਰਤੀ ਸੱਭਿਅਤਾ ਰੂਹ ਨੂੰ ਅਮਰ ਮੰਨਦੀ ਹੈ।

↑ਤਤਕਰਾ↑

ਡਰੇ ਤੇ ਡਰਾਵੇ, ਉਹ ਹੈਵਾਨੀਅਤ ਹੈ।
ਨਿਰਾ ਹੀ ਜੋ ਹੋਵੇ ਸਵਾਰਥ ਦਾ ਪੁਤਲਾ,
ਜੋ ਹਿੰਸਾ 'ਚ ਆਪਣਾ ਜੀਵਨ ਬਿਤਾਵੇ ।
ਨਾ ਜਿਸ ਨੂੰ ਚੜ੍ਹੀ ਦੀ ਤੇ ਲੱਥੀ ਦੀ ਕੋਈ,
ਜੋ ਮਰਿਆਂ ਨੂੰ ਮਾਰੇ, ਨਾ ਮਾਤਮ ਮਨਾਵੇ।
ਬਣਿਆਂ ਨੂੰ ਢਾਹਵੇ, ਉਹ ਹੈਵਾਨੀਅਤ ਹੈ।
ਡਰੇ ਤੇ ਡਰਾਵੇ, ਉਹ ਹੈਵਾਨੀਅਤ ਹੈ।

ਜੋ ਐਵੇਂ ਸਤਾਵੇ, ਉਹ ਸ਼ੈਤਾਨੀਅਤ ਹੈ।
ਕਿਤੇ ਕੋਈ ਚੁਗਲੀ, ਕਿਤੇ ਝੂਠ ਬੋਲੇ।
ਅਛਾਈ, ਬੁਰਾਈ ਦਾ ਝਗੜਾ ਕਰਾਵੇ।
ਦੂਜੇ ਦੇ ਮੋਢੇ 'ਤੇ ਰੱਖ ਕੇ ਚਲਾਵੇ।
ਜਦੋਂ ਅੱਗ ਲੱਗੇ ਤਾਂ ਨਜ਼ਰੀਂ ਨਾ ਆਵੇ।
ਜੋ ਭੰਨੇ, ਭੰਨਾਵੇ, ਉਹ ਸ਼ੈਤਾਨੀਅਤ ਹੈ।
ਜੋ ਐਵੇਂ ਸਤਾਵੇ, ਉਹ ਸ਼ੈਤਾਨੀਅਤ ਹੈ।

ਜੋ ਮਾਤਮ ਮਨਾਵੇ, ਉਹ ਇਨਸਾਨੀਅਤ ਹੈ।
ਦੁਖੀਆਂ ਨੂੰ ਜਿਹੜਾ ਪਰਾਇਆ ਨਾ ਜਾਣੇ।
ਡਿੱਗਿਆਂ ਹੋਇਆਂ ਨੂੰ ਮੁੜ ਕੇ ਉਠਾਵੇ।
ਮਰੀ-ਆਤਮਾ ਨੂੰ ਨਵਾਂ-ਜਨਮ ਦੇਵੇ ।
ਜੋ ਆਪ ਵੀ ਜੀਵੇ ਤੇ ਜੀਊਣਾ ਸਿਖਾਵੇ।
ਡਰੇ ਨਾ ਡਰਾਵੇ ਉਹ ਇਨਸਾਨੀਅਤ ਹੈ।
ਜੋ ਮਾਤਮ ਮਨਾਵੇ, ਉਹ ਇਨਸਾਨੀਅਤ ਹੈ।

ਜੋ ਭੇਦ ਮਿਟਾਵੇ, ਉਹ ਰੂਹਾਨੀਅਤ ਹੈ।
ਜੋ ਹਰ ਸ਼ੈਅ ਨੂੰ ਜਾਣੇ, ਹਰ ਪਲ ਨੂੰ ਮਾਣੇ।
ਪਰਮ-ਸ਼ਕਤੀ ਨੂੰ ਆਪਣਾ ਹਿੱਸਾ ਬਣਾਵੇ।
ਨਾ ਖ਼ੁਸ਼ੀਆਂ 'ਚ ਹੱਸੇ, ਨਾ ਗ਼ਮੀਆਂ 'ਚ ਰੋਵੇ।
ਜੋ ਤਪਦੇ ਮਨਾਂ ਨੂੰ ਠੰਡਕ ਪੁਚਾਵੇ।
ਖਿੜੇ ਤੇ ਖਿੜਾਵੇ, ਉਹ ਰੂਹਾਨੀਅਤ ਹੈ।
ਜੋ ਭੇਦ ਮਿਟਾਵੇ, ਉਹ ਰੂਹਾਨੀਅਤ ਹੈ। (8)

↑ਤਤਕਰਾ↑

ਜ਼ਖ਼ਮ ਹੋ ਜਾਏ ਤਾਂ ਆਪੇ ਹੀ ਹਰਾ ਹੋ ਜਾਏ।
ਦਰਦ ਵਧ ਜਾਏ ਤਾਂ ਆਪੇ ਹੀ ਦਵਾ ਹੋ ਜਾਏ।

ਇਨ੍ਹਾਂ ਕੁਦਰਤ ਦੇ ਅਸੂਲਾਂ ਨੂੰ ਬੁਰਾ ਨਾ ਆਖੋ,
ਕੀ ਪਤਾ ਏਸੇ ਬੁਰਾਈ 'ਚੋਂ ਭਲਾ ਹੋ ਜਾਏ ।

ਕਿਸੇ ਕੁਦਰਤ ਦੇ ਇਸ਼ਾਰੇ ਲਈ ਰੁੱਤਾਂ ਬਣੀਆਂ,
ਬਰਫ਼ ਪਿਘਲੇ ਅਤੇ ਪਾਣੀ ਤੋਂ ਘਟਾ ਹੋ ਜਾਏ ।

ਏਸ ਬ੍ਰਹਿਮੰਡ ਕਦੇ ਆਪਣੀ ਤੋਰ ਨਾ ਬਦਲੀ,
ਉਹ ਤੇ ਜੀਵਨ ਹੀ ਨਹੀਂ ਹੈ ਜੋ ਖੜਾ ਹੋ ਜਾਏ ।

ਸਾਰੇ ਬ੍ਰਹਿਮੰਡ ਤੇ ਕੁਦਰਤ ਦੇ ਭੇਦ ਖੁੱਲ੍ਹ ਸਕਦੇ,
ਸਾਨੂੰ ਕਿਧਰੇ ਜੇ ਆਪਣਾ ਹੀ ਪਤਾ ਹੋ ਜਾਏ ।

ਰੂਹ ਦੀ ਮਰਜ਼ੀ ਦਾ ਮਾਲਿਕ ਤਾਂ ਹੋਰ ਹੁੰਦਾ ਹੈ,
ਨਾ ਚਹੁੰਦਿਆਂ ਵੀ ਇਹੇ ਤਨ ਤੋਂ ਜੁਦਾ ਹੋ ਜਾਏ ।

ਆਤਮਾ ਹੀ ਪਰਮ-ਆਤਮਾ ਵੀ ਹੋ ਸਕਦੀ,
ਖ਼ੁਦੀ ਨਾ ਹੋਵੇ ਤਾਂ ਬੰਦਾ ਹੀ ਖ਼ੁਦਾ ਹੋ ਜਾਏ । (9)

↑ ਤਤਕਰਾ ↑

‘ੲ’

ਤੇਰਾ ਮੂੰਹ ਜੇ ਪੂਰਬ ਵੱਲ ਹੈ,
ਤੇਰੇ ਖੱਬੇ ਪਾਸੇ ਉਂਤਰ।
ਮੇਰਾ ਮੂੰਹ ਜੇ ਪੱਛਮ ਵੱਲ ਹੈ,
ਮੇਰੇ ਸੱਜੇ ਪਾਸੇ ਉਂਤਰ।

ਇਹ ਜ਼ਰੂਰੀ ਨਹੀਂ ਕਿ ਉਂਤਰ,
ਤੇਰੇ ਵੀ ਸੱਜੇ ਹੱਥ ਹੋਵੇ।
ਇਹ ਜ਼ਰੂਰੀ ਨਹੀਂ ਕਿ ਉਂਤਰ,
ਮੇਰੇ ਵੀ ਖੱਬੇ ਹੱਥ ਹੋਵੇ।

ਏਸ ਆਜ਼ਾਦ ਫ਼ਿਜ਼ਾ ਦੇ ਅੰਦਰ,
ਤੇਰੀ ਨਜ਼ਰ ਮੁਬਾਰਕ ਤੈਨੂੰ।
ਇੱਕੋ ਹੀ ਉੱਤਰ ਹੈ ਤਾਂ ਫਿਰ,
ਮੇਰੀ ਨਜ਼ਰ ਮੁਬਾਰਕ ਮੈਨੂੰ।

ਦਖ਼ਲ ਨਾ ਦੇਵੇ ਕੋਈ ਜੇਕਰ,
ਤੇਰੇ ਕਾਰ-ਵਿਹਾਰ ਦੇ ਅੰਦਰ;
ਫਿਰ ਤੂੰ ਕਿਉਂ ਅੜਿੱਕਾ ਪਾਵੇਂ,
ਕਿਸੇ ਦੇ ਕਰੋਬਾਰ ਦੇ ਅੰਦਰ? (1)

↑ ਤਤਕਰਾ ↑

ਜੰਗ ਕਰਦੇ ਨੂੰ ਮੁਹੱਬਤ ਨਾ ਮਿਲੇ।
ਜੰਗ ਵਿਚ ਮੋਇਆਂ ਨੂੰ ਜੰਨਤ ਨਾ ਮਿਲੇ।

ਸੁਣ ਲੈ ਓ ਜਾਂਦੇ ਮੁਜਾਹਦ! ਏਸ ਰਾਹ,
ਜਾਮ ਦੀ, ਹੂਰਾਂ ਦੀ ਨਿਅਮਤ ਨਾ ਮਿਲੇ।

ਆਪਣੀ ਰੱਖਿਆ ਕਰਨ ਤਕ ਹੀ ਧਰਮ ਹੈ;
ਏਸ ਤੋਂ ਅੱਗੇ, ਅਕੀਦਤ ਨਾ ਮਿਲੇ।

ਤੂੰ ਨਾ ਮੋਹਰਾ ਬਣ ਕਿਸੇ ਦੀ ਚਾਲ ਦਾ,
ਇਸ ਤਰ੍ਹਾਂ, ਤੈਨੂੰ ਤੇ ਅਜ਼ਮਤ ਨਾ ਮਿਲੇ।

ਇਲਮ ਵਾਲੇ ਜੀਣ ਲਈ ਮਰਦੇ ਨਹੀਂ,
ਇਲਮ ਹੋਵੇ ਤਾਂ ਹਜ਼ੀਮਤ ਨਾ ਮਿਲੇ।

ਜੇ ਕੋਈ ਜਿੱਤ ਹੈ, ਦਿਲਾਂ ਦੀ ਜਿੱਤ ਹੈ,
ਇਸ ਤਰ੍ਹਾਂ ਦੀ ਹੋਰ ਸਤਵਤ ਨਾ ਮਿਲੇ।

ਮੌਤ ਦਾ ਕੀ ਏ! ਕਦੇ ਵੀ ਲੈ ਲਵੋ,
ਇਕ ਵਾਰੀ ਜਾ ਕੇ ਜ਼ੀਸਤ ਨਾ ਮਿਲੇ। (2)

ਸੌ ਪ੍ਰਤੀਸ਼ਤ ਆਪਣੇ ਪੱਖ ਨੂੰ ਵੀ ਤੂੰ ਸਮਝੇਂ,
ਸੌ ਪ੍ਰਤੀਸ਼ਤ ਮੇਰੇ ਪੱਖ ਨੂੰ ਵੀ ਤੂੰ ਜਾਣੇ।

ਸੌ ਪ੍ਰਤੀਸ਼ਤ ਆਪਣੇ ਪੱਖ ਨੂੰ ਮੈਂ ਵੀ ਸਮਝਾਂ,
ਸੌ ਪ੍ਰਤੀਸ਼ਤ ਤੇਰੇ ਪੱਖ ਨੂੰ ਵੀ ਮੈਂ ਜਾਣਾ।

ਤੇਰੇ ਪੱਖੀ, ਤੇਰੇ ਵਾਂਗ ਸਿਆਣੇ ਹੋਵਣ,
ਮੇਰੇ ਪੱਖੀ, ਮੇਰੇ ਵਾਂਗ ਸਿਆਣੇ ਹੋਵਣ।

ਤੇਰੇ ਮੇਰੇ ਰਸਤੇ ਭਾਵੇਂ ਵੱਖਰੇ ਹੋਵਣ,
ਪਰ ਸਾਡੀ ਦੋਹਾਂ ਦੀ ਮੰਜ਼ਿਲ, ਇੱਕੋ ਹੋਵੇ।

ਐਸਾ 'ਨੌਂ ਮਣ ਤੇਲ' ਨਾ ਜੇਕਰ 'ਕੱਠਾ ਹੋਵੇ,
'ਲੋਕ-ਰਾਜ ਦੀ ਰਾਧਾ' ਕੋਲੋਂ ਨੱਚ ਨਹੀਂ ਹੋਣਾ।

ਫ਼ਿਰਕਾ-ਪ੍ਰਸਤੀ, ਮੂੰਹ-ਮੁਲਾਹਜ਼ੇ ਦੇ ਕੋਹੜ ਤੋਂ,
ਤੇਰੀ ਮੇਰੀ ਪਰਜਾ ਕੋਲੋਂ ਬਚ ਨਹੀਂ ਹੋਣਾ। (3)

ਤੂੰ ਵੀ ਕੁਝ ਆਪਣਾ ਗਵਾ, ਮੈਂ ਵੀ ਗਵਾਵਾਂ ਆਪਣਾ,
ਫੇਰ ਸਾਡਾ ਜੀਵਣਾ, ਸਾਨੂੰ ਸੁਖਾਲਾ ਜਾਪਣਾ।

ਤੂੰ ਹੀ ਤੂੰ ਜਾਂ ਮੈਂ ਹੀ ਮੈਂ ਹੋਵਾਂ ਤਾਂ ਇਹ ਇਨਸਾਫ਼ ਨਹੀਂ,
ਦੇਖ! ਹੈ ਕਿੰਨਾ ਹਿਸਾਬੀ, ਰਾਤ ਦਿਨ ਦਾ ਆਵਣਾ।

ਪਹੁ-ਫੁਟਾਲੇ ਵਿਚ ਕਿਤੇ, ਕੋਈ ਰਾਤ ਦੀ ਹਉਮੈ ਨਹੀਂ,
ਨਾ ਸੁਨਹਿਰੀ ਸ਼ਾਮ ਵਿਚ ਹੈ ਉਜਲੇ ਦਿਨ ਦਾ ਦਮਕਣਾ।

ਸੱਤ ਰੰਗਾਂ ਵਾਂਗ ਜੋ ਰਲ-ਮਿਲ ਕੇ ਰਹਿੰਦੇ ਇਕ ਥਾਂ,
ਉਹਨਾਂ ਨੇ ਹੀ ਨ੍ਹੇਰਿਆਂ 'ਤੇ, ਧੁੱਪ ਵਾਂਗੂੰ ਚਮਕਣਾ।

ਜਦ 'ਪ੍ਰੀਤਮ' ਦੀ ਗਲੀ ਵਿਚ ਆਪਣਾ ਦਿਲ ਨਾ ਲੱਭ ਸਕੇ,
ਉਸ ਗਵਾਵਣ ਦਾ ਹੀ ਦੂਜਾ ਨਾਮ ਹੁੰਦਾ ਪਾਵਣਾ। (4)

↑ ਤਤਕਰਾ ↑

ਨਾ ਆਪਣੇ ਵੱਸ ਆਉਣਾ ਏਥੇ, ਨਾ ਏਥੋਂ ਤੁਰ ਜਾਣਾ।
ਇਹ ਪੰਧ, ਜਿਹੜਾ ਤੁਰਨਾ ਪੈਣਾ,ਇਸ ਨੂੰ ਸਹਿਲ ਬਨਾਣਾ।

ਗ਼ਲਤ ਸਮੇਂ 'ਤੇ, ਗ਼ਲਤ ਥਾਂ ਉੱਤੇ, ਜਦ ਕੋਈ ਹੋਵੇਗਾ,
ਅਣਸੁਖਾਵਾਂ ਤੇ ਅਣਚਾਹਿਆ, ਉਸ ਨੇ ਸਮਾਂ ਬਿਤਾਣਾ।

ਰਾਹ 'ਚੋਂ ਖੱਡੇ, ਰੋੜੇ, ਕੰਡੇ , ਦੂਰ ਨਹੀਂ ਜੇ ਕਰਨੇ,
ਤਾਂ ਫਿਰ ਇਹ ਵੀ ਹੱਕ ਨਹੀਂ, ਇਹ ਰਾਹ ਵਿਚ ਵਿਛਾਣਾ।

ਮੈਨੂੰ ਪਤਾ ਹੈ, ਤੈਨੂੰ ਦੁੱਖ, ਤਕਲੀਫ਼ ਨਹੀਂ ਚੰਗੇ ਲਗਦੇ,
ਹਰ ਕੋਈ ਤੇਰੇ ਵਰਗਾ ਹੀ ਹੈ, ਇਹ ਮਨ ਵਿਚ ਵਸਾਣਾ।

ਤੂੰ ਕੀ ਸਮਝੇਂ, ਤੇਰੀ ਅਗਲੀ ਨਸਲ ਨਿਕੰਮੀ ਹੋਣੀ?
ਏਸੇ ਕਰਕੇ, ਉਹਨਾਂ ਲਈ ਵੀ, ਤੇਰਾ ਫ਼ਰਜ਼ ਕਮਾਣਾ?

ਬੱਚਿਆਂ ਦੇ ਲਈ ਰੋਟੀ ਨਾ ਛੱਡ, ਇਹ ਬੇਹੀ ਨਹੀਂ ਪਚਣੀ,
ਰੋਟੀ ਦੇ ਲਈ, ਮੋਟੀ ਗੱਲ ਹੈ, ਪਤਲੀ-ਅਕਲ ਸਿਖਾਣਾ।

ਸਭ ਤੋਂ ਪਹਿਲਾ ਧੋਖਾ, ਬੱਚਾ, ਖ਼ੁਦ ਨੂੰ ਹੀ ਦਿੰਦਾ ਹੈ,
ਜਦ ਉਸ ਨੂੰ ਆਪਣੇ ਤੋਂ ਪੈਂਦਾ, ਆਪਣਾ ਆਪ ਛੁਪਾਣਾ।

ਜਿਸ ਨੂੰ ਛੱਡਿਆਂ, ਜੀਵਨ ਦੇ ਵਿਚ ਤਰਥੱਲੀ ਮਚ ਜਾਵੇ,
ਉਹ ਸ਼ੈਅ, ਭਾਵੇਂ ਕੁਝ ਵੀ ਹੋਵੇ, ਉਹ ਪੱਲੇ ਨਾ ਪਾ'ਣਾ।

ਚਿੜੀ ਚੁੰਝ ਭਰ ਕੇ ਲੈ ਜਾਵੇ, ਨਦੀਓਂ ਨੀਰ ਘਟੇ ਨਾ,
ਪਰ ਮਿਹਰਾਮਤ ਦਾ ਬੱਦਲ਼, ਨਾ ਸਾਗਰ 'ਤੇ ਬਰਸਾਣਾ।

'ਲੋਕਾਂ ਦੇ ਲਈ', ਮਰਨ ਦੇ ਨਾਲੋਂ ਜੀਣਾ, ਮੁਸ਼ਕਿਲ ਹੁੰਦਾ,
ਕਿਉਂਕਿ ਇਸ ਹਾਲਤ ਵਿਚ ਪੈਂਦਾ ਬਹੁਤਾ ਫ਼ਰਜ਼ ਨਿਭਾਣਾ।

ਪਰਉਪਕਾਰ ਜਿਹੀ ਕੋਈ ਦੂਜੀ ਹੋਰ ਖ਼ੁਸ਼ੀ ਹੁੰਦੀ ਨਾ,
'ਪ੍ਰੀਤਮ' ਦੇ ਆਖੇ ਨਾ ਮੰਨਣਾ, ਇਹ ਖ਼ੁਦ ਹੀ ਅਜ਼ਮਾਣਾ। (5)

↑ ਤਤਕਰਾ ↑

ਇਸ ਸ਼ਾਮ ਤੇ ਸਵੇਰ ਦੇ ਵਿਚ ਰਾਤ ਹੈ ਅਜੇ,
ਮਜ਼੍ਹਬੀ ਜਨੂੰਨ ਨੇ ਹੈ ਇਕ ਵਾਰ ਭੜਕਣਾ।
ਪਾਖੰਡ ਮਿਟ ਜਾਵੇਗਾ, ਕਿਉਂਕਿ ਪਾਖੰਡ ਹੈ,
ਪਹੁ ਫੁੱਟ ਕੇ ਰਹੇਗੀ, ਦੇਵੇਗੀ ਚਾਨਣਾ।

ਬੱਚੇ ਨੇ ਤੁਰਨਾ ਸਿੱਖਿਆ ਹੈ ਆਸਰੇ ਬਿਨਾਂ,
ਪੈਂਡੇ ਦੀ ਲੋੜ, 'ਕਾਫ਼ਲਾ', 'ਬਾਰਾਤ' ਨਾ ਰਹੇ।
ਬੀਜਣ ਅਤੇ ਵੱਢਣ ਸਮੇਂ, ਮੰਗਾਂ ਨਾ ਪੈਂਦੀਆਂ,
'ਸੰਗਤਾਂ' ਤੇ 'ਪੰਗਤਾਂ' ਦੇ ਹਾਲਾਤ ਨਾ ਰਹੇ।

ਮਿਲ ਬਹਿਣਾ ਹੀ ਨਹੀਂ ਹੈ ਉੱਤਰ ਅਨੰਦ ਦਾ,
ਸ਼ਕਤੀ ਦੇ ਲਈ ਇਸ ਤੋਂ ਇਲਾਵਾ ਵੀ ਰਾਹ ਨੇ।
'ਸਮੂਹਕ ਆਤਮਾ' ਦੇ ਲਈ ਖ਼ਲਲ ਨੇ ਬੜੇ,
ਇਹ ਵਕਤ, ਇਹ ਜ਼ਮਾਨਾ ਸਾਡੇ ਗਵਾਹ ਨੇ।

ਧਰਮ 'ਆਦਮੀਂ' ਨਹੀਂ, 'ਕਰਣੀ' ਹੈ, ਦੋਸਤੋ!
'ਕਰਨ ਵਾਲੇ' ਤੁਰ ਗਏ, ਚਰਚਾ ਹੀ ਰਹਿ ਗਿਆ।
ਜਿਸ ਵੀ ਚਲਾਇਆ 'ਧਰਮ', ਓਸੇ ਨਾਲ ਉਠ ਗਿਆ,
ਪਿੱਛੇ, 'ਦੁਕਾਨ ਅੱਗੇ' ਪਰਦਾ ਹੀ ਰਹਿ ਗਿਆ।

ਹਰ ਜ਼ੁਲਮ ਆ ਗਿਰੇਗਾ ਅਦਾਲਤ ਦੇ ਸਾਹਮਣੇ,
ਜਦ ਵੀ ਅਸੀਂ ਲਿਆਏ ਇਨਸਾਨੀਅਤ ਦੇ ਦਿਨ।
'ਧਰਮਾਂ', 'ਅਧਰਮੀਆਂ' ਦੇ ਦਿਨ ਪੁੱਗ ਜਾਣਗੇ,
ਆ ਕੇ ਹੀ ਰਹਿਣਗੇ ਰੂਹਾਨੀਅਤ ਦੇ ਦਿਨ।

ਕੱਲ੍ਹ ਜ਼ੁਲਮ ਕਰਨ ਵਾਲਾ ਡਾਕੂ ਸੀ ਹੋਵੰਦਾ,
ਅੱਜ ਜ਼ੁਲਮ ਕਰਨ ਵਾਲਾ, ਡਾਕੂ ਨਹੀਂ ਚੋਰ ਹੈ।
ਰੂਹਾਨੀਅਤ ਨੇ ਇਸ ਨੂੰ ਏਨਾ ਕੁ ਬਦਲਿਆ,
ਅੰਦਰੋਂ ਤਾਂ ਭਾਵੇਂ ਉਹ ਹੈ ਪਰ ਉਪਰੋਂ ਹੋਰ ਹੈ।

↑ ਤਤਕਰਾ ↑

ਵਿੰਹਦਾ ਹਾਂ ਆਦਮੀ ਨੂੰ ‘ਪੁਰਜ਼ਾ ਮਸ਼ੀਨ ਦਾ’
ਆਪਣਾ ’ਕੰਮ’ ਕਰੇਗਾ, ਜਦ ਤਕ ਵੀ ਰਹੇਗਾ।
ਹਰ ਪੁਰਜ਼ੇ ਦੀ ਕਦਰ ਤੇ ਕੀਮਤ ਵੀ ਪਵੇਗੀ,
’ਦਰਜੇ’ ਦੇ ਨਰਕ ਅੰਦਰ, ਪੁਰਜ਼ਾ ਨਾ ਪਵੇਗਾ।

ਆਓ ‘ਜੀਣ ਜੋਗਿਓ’, ਮਨਾਂ ਨੂੰ ਖੋਲ੍ਹੀਏ,
ਰਸਮਾਂ ਨੂੰ ਫੇਰ ਤੋਲੀਏ ਤੇ ਮੁੱਲ ਪਾਈਏ।
ਸ਼ਬਦ-ਕੋਸ਼ ਅੰਦਰ ਸੁੰਗੜੇ ਨਾ ਰਹਿਣ ਇਹ,
ਮਾਅਨਿਆਂ ਨੂੰ ਅੱਜ ਦਾ ਹਾਣੀ ਬਣਾਈਏ।

ਇਕ ਸਾਂਝਾ ‘ਪਲ’ ਬਣਾਓ, ਅਮਨ ਦੇ ਵਾਸਤੇ,
ਫਿਰ ਓਸ ਪਲ ਤੋਂ ਹਫ਼ਤੇ, ਮਹੀਨੇ ਬਣਾ ਦਿਓ।
’ਜੈਨੱਸ’ ਦੇ ਕਹੇ, ਝਗੜਿਆਂ ਦਾ ਬੂਹਾ ਭੇੜ ਕੇ,
ਕਈ ਸਾਲ, ਦਹਾਕੇ ਨਹੀਂ ਸਦੀਆਂ ਲੰਘਾ ਦਿਓ।

‘ਇਸ ਯੁਗ ਦੇ ਸਾਲ’ ਦਾ ਇਹ ਮਹੀਨਾ ਹੈ ਆਖ਼ਰੀ,
ਦਿਲ ਨਾ-ਉਮੀਦ ਤਾਂ ਨਹੀਂ, ਨਾਕਾਮ ਹੀ ਤਾਂ ਹੈ।
ਚੜ੍ਹਨੇ ਨਵੇਂ ਸਵੇਰੇ, ਯੁਗ ਵੀ ਨੇ ਬਦਲਨੇ,
ਹੈ ਤਾਂ ‘ਜ਼ੁਲਮ ਦੀ ਸ਼ਾਮ’, ਮਗਰ ਸ਼ਾਮ ਹੀ ਤਾਂ ਹੈ। (6)

↑ ਤਤਕਰਾ ↑

## ਸਤਿਯੰਮ ਸ਼ਿਵਮ ਸੁੰਦਰਮ–3

ਸਤਿਯੰਮ ਸ਼ਿਵਮ ਸੁੰਦਰਮ !
ਸਤਿਯੰਮ ਸ਼ਿਵਮ ਸੁੰਦਰਮ ।

ਜਦ ਜੀਵਨ ਦੇ ਤਨ ਨੂੰ ਦੇਖਾਂ,
ਇਸ ਦਾ ਇਕ ਇਕ ਅੰਗ ਅਜੂਬਾ।
ਜਦ ਜੀਵਨ ਦੇ ਮਨ ਨੂੰ ਦੇਖਾਂ,
ਇਸ ਦਾ ਹਰ ਇਕ ਢੰਗ ਅਜੂਬਾ।
ਬਨਸਪਤੀ ਦਾ ਹਰ ਰੁੱਤ ਅੰਦਰ,
ਆਪਣਾ ਆਪਣਾ ਰੰਗ ਅਜੂਬਾ।
ਬ੍ਰਹਿਮੰਡਾਂ ਦੇ ਸਾਗਰ ਅੰਦਰ,
ਉਾਂਠਦੀ, ਹਰ ਤਰੰਗ ਅਜੂਬਾ।
ਇਹ ਜੋ ਕੁਝ ਵੀ ਨਜ਼ਰੀਂ ਆਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ।

ਧਰਤੀ ਹੋਣਾ, ਪਾਣੀ ਹੋਣਾ,
ਹਵਾ ਅਤੇ ਆਕਾਸ਼ ਦਾ ਹੋਣਾ।
ਚੰਦ ਅਤੇ ਸੂਰਜ ਦਾ ਹੋਣਾ,
ਨਿੱਘ ਅਤੇ ਪ੍ਰਕਾਸ਼ ਦਾ ਹੋਣਾ।
ਨਿੱਤ ਮਉਲ਼ਦੀ ਬਨਸਪਤੀ ਤੇ
ਨਿੱਤ ਜਨਮਦਾ ਜੀਵਨ ਹੋਣਾ।
ਬੁਢਾਪੇ ਦੀ ਗੋਦ ਦੇ ਅੰਦਰ,
ਖੇਡ ਖੇਡਦਾ ਬਚਪਨ ਹੋਣਾ।
ਇਹ ਜੋ ਕੁਝ ਵੀ ਨਜ਼ਰੀਂ ਆਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ।

ਮੈਂ ਓਥੇ ਹਾਂ, ਕਰਤਾ ਵਾਂਗੂੰ,
ਕਿਰਤ ਵੀ ਜਿੱਥੇ ਕਿਰਤ ਕਮਾਵੇ।
ਕਲਾਕਾਰ ਦੀ ਹਰ ਇਕ ਰਚਨਾ,
ਅੱਗਿਓਂ ਅੱਗੇ ਰਚਦੀ ਜਾਵੇ।
ਰਚਦੀ ਜਾਵੇ, ਰਚਦੀ ਜਾਵੇ,
ਰਚਦੀ ਜਾਵੇ, ਅੰਤ ਨਾ ਪਾਵੇ।
ਨਾ 'ਆਪੇ' ਦੀ ਸੋਝੀ ਆਵੇ,
ਨਾ 'ਕਰਤਾ' ਦੀ ਸੋਝੀ ਆਵੇ ।
ਇਹ ਜੋ ਕੁਝ ਵੀ ਹੁੰਦਾ ਜਾਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ ।

ਗਿਆਨ, ਹਨੇਰਾ ਮੇਟੀ ਜਾਵੇ,
ਆਪਣੀ ਜੋਤੋਂ ਜੋਤ ਜਗਾਵੇ।
ਖੰਡਾਂ, ਬ੍ਰਹਿਮੰਡਾਂ ਦੇ ਅੰਦਰ,
ਅਣਡਿੱਠੀਆਂ ਚੀਜ਼ਾਂ ਦਿਖਲਾਵੇ।
ਗਰਭ-ਪੀੜ ਤੋਂ ਮਰਨ-ਪੀੜ ਤਕ,
ਹਰ ਇਕ ਰਚਨਾ ਪੰਧ ਮੁਕਾਵੇ।
ਆਪਣੀ ਗਿਆਨ-ਕੁੰਡਲੀ ਅੰਦਰ,
ਅੱਖਰ ਅੱਖਰ ਜੋੜੀ ਜਾਵੇ।
ਇਹ ਜੋ ਕੁਝ ਵੀ ਹੁੰਦਾ ਜਾਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ।

ਚੱਕਰਾਂ ਦੇ ਵਿਚ ਤੁਰਦੀ ਹਰ ਸ਼ੈਅ,
ਏਥੇ, ਓਥੇ ਨਜ਼ਰੀਂ ਆਵੇ।
ਜੇ ਲੁਕ ਜਾਵੇ, ਫਿਰ ਦਿਸ ਜਾਵੇ,
ਜੇ ਦਿਸ ਜਾਵੇ, ਫਿਰ ਲੁਕ ਜਾਵੇ।
ਮੌਤ ਵੀ ਹੈ 'ਪਰਧਾਨਾ' ਵਿਚੋਂ
ਇਹ ਵੀ ਆਪਣਾ ਫ਼ਰਜ਼ ਨਿਭਾਵੇ।
ਇਸ ਰਚਨਾ ਦੀ ਸੁੰਦਰਤਾ ਵਿਚ,
ਇਹ ਵੀ ਆਪਣਾ ਹਿੱਸਾ ਪਾਵੇ।
ਇਹ ਜੋ ਕੁਝ ਵੀ ਹੁੰਦਾ ਜਾਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ। (1)

ਉਦਾਸ ਜ਼ਿੰਦਗੀ ਤੋਂ ਪੱਲਾ ਛੁਡਾ ਲਿਆ।
ਹਰ ਪਲ ਜ਼ਿੰਦਗੀ ਦਾ ਆਪਣਾ ਬਣਾ ਲਿਆ।

ਪਰਿਵਾਰ ਪਾਲ ਪੋਸ ਕੇ ਪਰਵਾਨ ਚਾੜ੍ਹਿਆ,
ਇਸ ਤਰ੍ਹਾਂ ਆਪਣਾ ਮੈਂ ਦਾਇਰਾ ਵਧਾ ਲਿਆ।

ਜਦ ਵੀ ਕੋਈ ਲਗਾਈ, ਲਗਨ ਪੂਰੀ ਲਾ ਲਈ,
ਏਥੋਂ ਤਾਈਂ ਕਿ ਆਪਣਾ ਆਪਾ ਭੁਲਾ ਲਿਆ।

ਆਪਣੀ ਇਕੱਲਤਾ ਨੂੰ ਮੈਂ ਖ਼ਤਮ ਕਰ ਲਿਆ,
ਸੋਚਾਂ ਨੇ ਜਿਸ ਨੂੰ ਚਾਹਿਆ ਸਾਹਵੇਂ ਬਿਠਾ ਲਿਆ।

ਆਪਣਾ ਹੀ ਹੈ ਸਮਾਂ ਹੁਣ ਜਾਗਣ ਤੇ ਸੌਣ ਦਾ,
ਵਕਤ ਨੂੰ ਮੈਂ ਆਪਣੇ ਆਖੇ ਲਗਾ ਲਿਆ। (2)

ਸਤਿਯੰਮ ਸ਼ਿਵਮ ਸੁੰਦਰਮ।
ਸਤਿਯੰਮ ਸ਼ਿਵਮ ਸੁੰਦਰਮ।।

ਐ ਸੱਜਣ! ਤੇਰੀ ਬੁੱਕਲ ਦਾ ਨਿੱਘ,
ਆਪਣਾ ਆਪ ਭੁਲਾ ਦੇਵੇ।
ਸਮਿਆਂ ਤੋਂ ਜਾਗੀ ਭਟਕਣ ਨੂੰ
ਪਿਆਰ ਦੀ ਨੀਂਦ ਸੁਲ਼ਾ ਦੇਵੇ।

ਨਾ ਦਿਲ ਤੜਪੇ, ਨਾ ਮਨ ਸੋਚੇ,
ਨਾ ਕੋਈ ਸ਼ੈਅ ਪੋਂਹਦੀ ਹੈ,
ਨਾ ਮਸਤੀ, ਨਾ ਚਾਹ ਮਸਤੀ ਦੀ,
ਐਸੀ ਦਸ਼ਾ ਮਿਲਾ ਦੇਵੇ।

ਨਾ ਦੁਨਿਆਵੀ ਖਿੱਚ ਹੀ ਕੋਈ,
ਨਾ ਅੰਬਰ ਦੀਆਂ ਤਾਂਘਾਂ ਹੀ,
ਜਿਸ ਨੂੰ ਮੌਤ ਕਦੇ ਨਾ ਆਵੇ,
ਉਹ ਜੀਣਾ ਸਿਖਲਾ ਦੇਵੇ।

ਸਤਿਯੰਮ ਸ਼ਿਵਮ ਸੁੰਦਰਮ।
ਸਤਿਯੰਮ ਸ਼ਿਵਮ ਸੁੰਦਰਮ।। (3)

↑ ਤਤਕਰਾ ↑

ਇਕ ਨਵੇਂ ਦ੍ਰਿਸ਼ਟੀ-ਕੋਨ ਤੋਂ

# ਜੋ ਸੁਖ ਛੱਜੂ ਦੇ ਚੌਬਾਰੇ .. ..

ਛੱਜ ਉਹ ਹੈ ਜਿਸ ਦੇ ਵਿਚ ਅਕਸਰ,
ਸੈਂਡ ਨੂੰ ਪਾ ਕੇ ਛੱਟਿਆ ਜਾਂਦਾ ।
ਜੋ ਮੰਦਾ, ਉਹਨੂੰ ਸੁੱਟਿਆ ਜਾਂਦਾ ।
ਜੋ ਚੰਗਾ, ਉਹਨੂੰ ਰੱਖਿਆ ਜਾਂਦਾ ।

ਛੱਜੂ ਉਹ, ਜੋ ਜੀਵਨ-ਛੱਜ ਨੂੰ,
ਨਾਲ਼ ਮਹਾਰਤ ਵਰਤ ਦਿਖਾਵੇ ।
ਜੋ ਦੁੱਖਾਂ ਨੂੰ ਰੋਲ਼ ਕੇ ਸਿੱਟੇ,
ਜੋ ਸੁਖਾਂ ਨੂੰ ਪੱਲੇ ਪਾਵੇ ।

ਚੰਗੇ ਛੱਜੂ ਦੇ ਮਨ ਅੰਦਰ,
ਲੋੜੀਂਦਾ ਸੁਖ ਪਾਇਆ ਜਾਂਦਾ ।
ਦੁਨੀਆਂ ਦੇ ਝਾਂਜੜ ਝੇੜੇ ਤੋਂ,
ਆਪਣਾ ਆਪ ਬਚਾਇਆ ਜਾਂਦਾ ।

ਮਨ ਉਸਦਾ ਚੌਬਾਰਾ, ਜਿੱਥੋਂ,
ਝਾਤ ਚੌਗਿਰਦੇ ਪਾ ਸਕਦਾ ਹੈ ।
ਜਿੱਧਰ ਸਾਫ਼ ਨਜ਼ਰ ਪਿਆ ਆਵੇ,
ਓਧਰ ਚਾਹਵੇ, ਜਾ ਸਕਦਾ ਹੈ ।

ਮਨ ਉਸਦਾ ਚੌਬਾਰਾ, ਜਿੱਥੋਂ,
ਝਾਤ ਚੌਗਿਰਦੇ ਪਾ ਸਕਦਾ ਹੈ ।
ਜਿੱਧਰ ਧੁੰਦ, ਮੀਂਹ, ਝੱਖੜ ਜਾਪੇ,
ਜੇ ਜਾਵੇ ਸੱਟ ਖਾ ਸਕਦਾ ਹੈ ।

ਏਸੇ ਲਈ ' ਪ੍ਰੀਤਮ ' ਇਹ ਕਹਿੰਦੇ
ਸੁਖ ਹੈ, ਮਨ-ਚੌਬਾਰੇ ਅੰਦਰ,
ਇਸ ਵਿਚ ਨਹੀਂ ਤਾਂ, ਨਾ ਫਿਰ ਏਥੇ,
ਨਾ ਹੀ ਬਲਖ ਬੁਖਾਰੇ ਅੰਦਰ ।

↑ ਤਤਕਰਾ ↑

# ਵਿਕਸਤ

ਆਪਣੇ ਆਪ ਨੂੰ ਇਸ ਤਰ੍ਹਾਂ ਵਿਕਸਤ ਬਣਾ,
ਰੱਬ ਨੂੰ ਵੀ, ਰੱਬ ਨਹੀਂ ਦੋਸਤ ਬਣਾ।

'ਬੀਜ' ਉਪਰਲੇ ਕਿਲੇ ਨੂੰ ਤੋੜ ਕੇ,
ਖੰਡਰਾਂ ਦੇ ਵਿਚੋਂ ਇਮਾਰਤ ਬਣਾ।

ਇਹ ਹਵਾਵਾਂ ਲੋਹਾ ਵੀ ਖਾ ਜਾਂਦੀਆਂ,
ਲੋਹੇ ਤੋਂ ਵੀ ਵੱਧ, ਨਵੀਂ ਤਾਕਤ ਬਣਾ।

ਲੰਘਣ ਵਾਲਾ ਕੋਈ ਖ਼ੁਸ਼ਬੋ ਲੈ ਸਕੇ,
ਜ਼ਿੰਦਗੀ ਦਾ ਬਾਗ ਪਰਫੁਲਤ ਬਣਾ।

ਉਲਝਣਾ ਦੇਣਾ ਜ਼ਮਾਨਾਂ ਸਿੱਖਿਆ,
ਉਲਝਣਾ ਸੁਲਝਾਣ ਦੀ ਆਦਤ ਬਣਾ।

ਜ਼ਿੰਦਗੀ ਭਰ ਮਿਲ ਸਕੇ, ਨਾ-ਮਿਲ ਸਕੇ,
ਫਿਰ ਭੀ ਤੂੰ ਅਪਨਾਣ ਦੀ ਹਸਰਤ ਬਣਾ।

ਜ਼ਿੰਦਗੀ ਮਰ ਮਰ ਕੇ ਨਾ ਲੰਘਾ ਲਵੀਂ,
ਏਸ ਨੂੰ 'ਜੀਵਣ ਦੇ ਲਈ' ਜੁੱਰਤ ਬਣਾ।

ਦੁਨੀਆਂਦਾਰੀ ਦੇ ਝਮੇਲੇ ਛੱਡ ਕੇ,
'ਪ੍ਰੀਤਮ' ਆਪਣੇ ਆਪ ਲਈ ਫ਼ੁਰਸਤ ਬਣਾ।

↑ ਤਤਕਰਾ ↑

# ਦੋਹੇ

ਨੌਂ ਦਰਵਾਜ਼ੇ 'ਧਰਤ' ਹੈ, ਅੰਬਰ ਦਸਵਾਂ-ਦੁਆਰ,
ਦਸਵੇਂ-ਦੁਆਰ ਦੇ ਵਿਚ ਹੈ, ਹਰ ਧਰਤੀ ਦੀ ਸਾਰ।
ਅੰਬਰ ਤਾਂ ਬਸ ਇਕ ਹੈ, ਧਰਤੀਆਂ ਲੱਖ ਹਜ਼ਾਰ;
ਇਹਨਾਂ ਨੇ ਹੀ ਚੁੱਕਿਆ, ਤੱਤਾ, ਠੰਡਾ ਭਾਰ।
ਅੰਬਰ ਤਾਂ ਹਰ ਥਾਂ 'ਖੜਾ', ਧਰਤੀਆਂ ਦੀ ਹੈ 'ਚਾਲ',
ਜੋ ਅੰਬਰ 'ਚੋਂ ਡਿੱਗ ਪਵੇ, ਧਰਤੀਆਂ ਲੈਣ ਸੰਭਾਲ
ਧਰਤੀ ਸੈਆਂ ਕਿਸਮ ਦੀ, ਸੂਖ਼ਮ ਤੇ ਅਸਥੂਲ,
ਇਸ ਦੇ ਅੰਦਰ ਛੁਪ ਰਿਹਾ, ਹਰ ਇਕ ਸ਼ੈਅ ਦਾ ਮੂਲ।
ਅ-ਕਾਸ਼ ਵਿਚ ਧਰਤੀਆਂ, 'ਕਾਸ਼' (ਚਮਕ) ਪੁਚਾਵੰਦੀਆਂ;
ਸੂਰਜ, ਤਾਰੇ, ਖਿੱਤੀਆਂ, ਚੰਦ ਕਹਾਵੰਦੀਆਂ।
'ਧਰਤ-ਨਿਮਾਣੀ' ਨਾ ਕਹੋ, ਧਰਤੀ ਦਾ ਵੀ ਮਾਣ।
ਧੁੱਦਲ ਨੂੰ ਜੇ ਮਾਰੀਏ, ਸਿਰ 'ਤੇ ਪੈਂਦੀ ਆਣ।

ਦਸਵਾਂ-ਦਵਾਰ 'ਹਨੇਰ' ਹੈ, ਜੇ ਨਾ ਧਰਤੀ ਦੀ ਲੋਏ।
ਹੋਵਣ ਲੱਖਾਂ ਨਿਅਮਤਾਂ, ਇਕ ਨਾ ਪ੍ਰਗਟ ਹੋਏ।
ਨਿੱਤ ਹੀ ਧਰਤੀਆਂ ਜੰਮਦੀਆਂ ਨਿੱਤ ਹੀ ਮਰਦੀਆਂ
ਇਸ ਨ੍ਹੇਰੇ ਅਕਾਸ਼ ਵਿਚ ਚਾਨਣ ਕਰਦੀਆਂ।
ਸੂਰਜ ਵਰਗੀ ਧਰਤ ਵੀ, ਕਦੇ ਕਦੇ ਆਵੇ,
ਚਾਰ ਚੁਫ਼ੇਰੇ, ਦੇਰ ਤਕ, ਚਾਨਣ ਕਰ ਜਾਵੇ।
ਕਹਿੰਦੇ ਨੇ,"ਹਰ ਦੇਵਤਾ, 'ਮਿੱਟੀ' ਨੂੰ ਤਰਸੇ।"
ਮਿੱਟੀ ਮਿਲੇ ਤਾਂ ਏਸ ਜਗ, ਥਾਂ ਥਾਂ 'ਤੇ ਭਟਕੇ।
ਭਟਕਣ ਸਭ ਦੀ, ਨਾਲ ਹੈ, ਚਾਨਣ ਜਾਂ ਨ੍ਹੇਰਾ,
ਭਟਕਣ ਮਿਟੇ, ਜੇ ਹੋ ਜਾਏ, 'ਤੇਰਾ ਹੀ ਤੇਰਾ'।
ਹਰ ਝਗੜੇ ਦਾ ਹਰ ਜਗਹ ਮੂਲ ਬਣੇ ਅਨੰਦ,
ਆਪਣੇ ਪੈਰੀਂ ਆਪ ਹੀ, ਸੂਲ ਬਣੇ ਅਨੰਦ।

ਇੱਛਾ ਪ੍ਰਗਟ ਹੋਣ ਦੀ, ਚਾਨਣ ਨੂੰ ਲੋਚੇ,
ਉਂਜ ਤਾਂ ਨ੍ਹੇਰੇ ਵਿਚ ਵੀ, ਹੈਨ ਅਨੰਦ ਬੜੇ।
ਤੂੰ ਤੇ ਚਾਨਣ ਮੰਗ ਲਏ, ਪਰ ਉਸ ਦਾ ਕੀ ਹੋਏ?
ਜਿਸ ਦੀ ਨਜ਼ਰ ਹੀ ਮਿਟ ਜਾਏ, ਜੇ ਉਹ ਜਾਵੇ ਲੋਏ।
ਸਤਿ ਅਸਤਿ ਦੇ ਫ਼ਰਕ ਨੂੰ ਭਲਾ ਉਹ ਜਾਣੇ ਕੀ?
ਜਿਸ ਦੀ ਉਮਰਾ, 'ਓਸ ਦੀ ਰਜ਼ਾ' 'ਚ ਗੁਜ਼ਰ ਗਈ।
ਧਰਮ ਵੀ ਦੇਖੋ ਧਰਮੀਓਂ! ਕਿਹੜੇ ਰਾਹ ਪਏ,
'ਰਜ਼ਾ' ਦੀ ਗੱਲ ਵੀ ਕਰ ਰਹੇ, ਸੁਖ ਵੀ ਮੰਗ ਰਹੇ।

↑ ਤਤਕਰਾ ↑

ਰੱਬ ਹੁਣ ਤਕ ਦਿਸ ਜਾਂਵਦਾ, ਜੇ ਉਹ ਹੁੰਦਾ 'ਨੂਰ',
'ਨ੍ਹੇਰਾ' ਨ੍ਹੇਰੇ ਨਾ ਦਿਸੇ, ਨਾ ਨੇੜੇ, ਨਾ ਦੂਰ।
ਤੂੰ ਆਖੇਂ,"ਉਹ ਨੂਰ ਹੈ" ਮੈਂ ਆਖਾਂ,"ਉਹ ਨ੍ਹੇਰ",
ਜੇ ਉਹ ਦੋਵੇਂ ਹੈ ਨਹੀਂ, ਤਾਂ ਉਹ ਰੱਬ ਨਹੀਂ ਫੇਰ।

ਫਿਰ ਫਿਰ ਕੇ ਜਗ ਦੇਖਿਆ, ਸਭ ਜਗ ਇਕ ਸਮਾਨ,
ਬੰਦਾ ਹੀ ਹੈਵਾਨ ਹੈ, ਬੰਦਾ ਹੀ ਭਗਵਾਨ।
ਫਿਰ ਫਿਰ ਕੇ ਜਗ ਦੇਖਿਆ, ਜੰਤੁ ਹੀ ਬਣਿਆਂ ਜੰਤ,
ਨਾ ਤੇ ਆਦਿ ਹੀ ਯਾਦ ਹੈ, ਨਾ ਹੀ ਯਾਦ ਹੈ ਅੰਤ।
ਫਿਰ ਫਿਰ ਕੇ ਜਗ ਦੇਖਿਆ, ਸੱਚ ਦੀ ਸੁਣੀ ਪੁਕਾਰ,
ਝੂਠੇ ਉਸ ਨੂੰ ਦੱਬ ਰਹੇ, ਪਾ ਇੱਛਾ ਦਾ ਭਾਰ।
ਫਿਰ ਫਿਰ ਕੇ ਜਗ ਦੇਖਿਆ, ਅੰਨ੍ਹੇ ਹੋਏ 'ਧਰਮ'
ਮਾਰਗ-ਦਰਸ਼ਕ ਵਾਲੜੇ ਕਰਦੇ ਨੇ ਪਰ ਕਰਮ।
ਫਿਰ ਫਿਰ ਕੇ ਜਗ ਦੇਖਿਆ ਦੋ ਚਿੱਤੀਂ ਪਿਆ,
ਇਕ ਚਿੱਤ ਵਿਕਸੇ, ਦੂਸਰਾ ਪਿੱਛੇ ਖਿੱਚ ਰਿਹਾ।
ਫਿਰ ਫਿਰ ਕੇ ਜਗ ਦੇਖਿਆ, ਇਹ ਜਗ ਇਕ 'ਸਵੇਰ'
ਦੇਖਣ ਵਾਲੇ ਦੇਖਦੇ,ਅੰਨ੍ਹਿਆਂ ਦੇ ਲਈ ਨ੍ਹੇਰ।

ਜੀਣਾ ਹੈ ਤਾਂ 'ਸ਼ੌਕ' ਦਾ, ਨਾ ਬਹਾਨੇ ਭਾਲ,
ਮਰਨਾ ਹੈ ਤਾਂ 'ਸ਼ਾਨ' ਦਾ ਨਹੀਂ ਬਹਾਨੇ ਨਾਲ।
'ਇਕ' ਇੱਛਾ ਸੀ 'ਹੋਣ' ਦੀ, ਜਨਮ ਤਾਂ ਪਾ ਲਿਆ,
ਜਿਸ ਨੇ ਲਾਹਾ ਨਾ ਲਿਆ, ਓਸ ਗਵਾ ਲਿਆ।
ਪੁਰਖ ਹੈਂ ਜੇ, ਨਿਰਭਉ ਰਹਿ, ਨਾਲੇ ਰਹਿ ਨਿਰਵੈਰ,
ਕਦੇ ਕਿਸੇ ਨੂੰ ਸਮਝਣਾ, ਨਾ ਆਪਣਾ, ਨਾ ਗ਼ੈਰ।
ਹਉਮੈ ਦੀ ਹੱਦ ਤੋਂ ਪਰੇ, ਪ੍ਰੀਤਮ! ਸੁਖ ਪਿਆ,
ਜੋ ਇਹ ਸੀਮਾ ਟੱਪ ਗਿਆ, ਉਸ ਨੇ ਪਾ ਲਿਆ।
ਦਰਸ਼ਨ ਉਹ ਹੀ ਲੋਚਦੇ, ਰੱਬ ਨਾ ਜਿਨ੍ਹਾਂ ਪਾਸ,
'ਤੀਜੀ ਅੱਖ' ਜੇ ਕੋਲ ਹੈ, ਤਾਂ ਨਹੀਂ ਆਸ ਨਿਰਾਸ।
ਕਰਨੀ ਹੈ ਤਾਂ ਕਰ ਸਦਾ, 'ਤੀਜੀ ਅੱਖ' ਦੀ ਭਾਲ,
ਪ੍ਰੀਤਮ! ਉਹ ਬਾਹਰ ਨਹੀਂ, ਉਹ ਤੇਰੇ ਹੀ ਨਾਲ।

# ਸੋਚ ਵਿਚਾਰ

ਕਿਸੇ ਦੇ ਨਾਲ ਜੀਵਨ ਵਿਚ ਕਦੀ ਜੇ ਦੇਖਿਆ ਸੁਪਨਾ,
ਜੇ ਉਹ ਪੂਰਾ ਨਹੀਂ ਹੋਇਆ, ਤਾਂ ਫਿਰ ਉਸਦੀ ਵਜਹ ਕੀ ਸੀ?

ਪ੍ਰਜਾ-ਪਤੀ ਹੁੰਦਾ ਹੈ ਰਾਜਾ ਜੇ, ਤਾਂ 'ਪ੍ਰੀਤਮ' ਦੱਸ ਇਹ,
ਹੁਣ ਤਾਈਂ,'ਜੰਗਲ ਦਾ ਰਾਜਾ ਸ਼ੇਰ' ਕਿਉਂ ਕਹਿੰਦੇ ਰਹੇ ?

ਸੋਚਦਾ ਹਾਂ, ਤੇਰੇ 'ਤੇ ਜੇ ਮੇਰਾ ਹੱਕ ਹੁੰਦਾ ਕਦੀ,
ਤਾਂ ਕੀ ਫਿਰ ਵੀ ਮੈਂ ਕਿਸੇ ਦੂਜੇ ਦੇ ਬਾਰੇ ਸੋਚਦਾ?

ਪਿਆਰ ਵਿਚ ਮਸਤਾਨਾ ਹੋ ਕੇ, ਪੁੱਛੀ ਜੋ ਦਿਲਦਾਰ ਨੂੰ,
ਪਹਿਲੀ ਕਿਹੜੀ ਗੱਲ ਸੀ ? ਕੀ ਹਾਲੇ ਤੈਨੂੰ ਯਾਦ ਹੈ ?

ਜ਼ਿੰਦਗੀ ਇਕ ਤੀਰ ਹੈ, ਕੀ ਇਹ ਕਦੀ ਤੂੰ ਸੋਚਿਆ?
ਸੋਚਿਆ ਏ ਜੇ ਤਾਂ ਦੱਸ ਕੀ ਹੈ ਨਿਸ਼ਾਨਾ ਏਸ ਦਾ?

ਬਿਨਾ ਕੀਮਤ ਕਿਸੇ ਦਾ ਕੰਮ ਕਰਨ ਲਈ, ਪਤਾ ਰੱਖੀਂ,
ਪਰਉਪਕਾਰ ਕੀ ਹੁੰਦੈ? ਗ਼ੁਲਾਮੀ ਕਿਸ ਨੂੰ ਕਹਿੰਦੇ ਨੇ ?

ਕੀ ਕਦੀ ਵੀ ਪਿਆਰ ਤੇ ਇਤਬਾਰ ਤੇਰਾ ਦੇਖ ਕੇ,
ਸ਼ੱਕ ਤਾਂ ਨਹੀਂ ਕੀਤਾ ਇਹਨਾਂ ਤੇ, ਤੇਰੇ ਦਿਲਦਾਰ ਨੇ?

ਸੜਕ ਟੱਪਣ ਲੱਗਿਆਂ ਜਾਂ ਗੱਲ ਆਖਣ ਲੱਗਿਆਂ,
ਆਪਣੇ ਦਿਲਦਾਰ ਦਾ ਹੱਥ, ਹੱਥ 'ਚ ਫੜਿਆ ਈ ਕਦੀ?

ਤੈਨੂੰ ਆਪਣੇ ਆਪ ਦਾ, ਦੱਸ ! ਇਹ ਪਤਾ ਹੈ ਕਿ ਨਹੀਂ,
ਤੂੰ ਅਸਲ ਵਿਚ ਉਹ ਹੈਂ, ਜੋ, ਜਦ ਤੂੰ ਇਕੱਲਾ ਹੋਵੰਦਾ?

ਕਿਸ ਤਰ੍ਹਾਂ ਬਣ ਗਏ 'ਉਹ' ਨਾਇਕ, ਨਾਇਕਾ ਤੇਰੇ ਲਈ?
ਕਿਸ ਤਰ੍ਹਾਂ ਤੇ ਕਿਉਂ 'ਉਹ' ਹੈ ਨੇ ਤੇਰੇ ਨਾਲੋਂ ਵੱਖਰੇ?

ਜਦ ਮਨੁੱਖਤਾ ਲਈ ਕਿਸੇ, ਫਾਂਸੀ ਦਾ ਰੱਸਾ ਚੁੰਮਿਆਂ,
ਖ਼ੂਨ ਉੱਬਲ਼ ਕੇ ਤੇਰਾ, ਅੱਖਾਂ 'ਚ ਆਇਆ ਕਿ ਨਹੀਂ?

ਉਪਾਹਜਾਂ ਲਈ ਤੇਰੇ ਦਿਲ ਵਿਚ ਜੇ ਕਦੀ ਪੈਦਾ ਹੋਈ,
ਕੀ ਦੇਵੇਂਗਾ ਨਾਮ ਉਸ ਨੂੰ, ਹਮਦਰਦੀ ਜਾਂ ਦੋਸਤੀ?

ਤਵੀਤਾਂ, ਟੂਣਿਆਂ ਵਾਲ਼ੇ ਜਦੋਂ ਵੀ ਗੱਲ ਕਰਦੇ ਨੇ,
ਕੀ ਇਹ ਦੇਖਿਆ ਨਹੀਂ, ਉਹ ਤੈਨੂੰ ਬੁੱਧੂ ਸਮਝਦੇ ਨੇ?

↑ ਤਤਕਰਾ ↑

ਸੁਰੰਗ ਦੇ ਪਾਰ ਕੋਈ ਰੌਸ਼ਨੀ ਹੀ ਨਾ ਦਿਸੇ ਜੇਕਰ,
ਤਾਂ ਫਿਰ ਜੀਵਨ ਦੇ ਵਿਚ ਕਿਸ ਸਮੇ ਤਕ ਤੁਰਿਆ ਜਾਵੇਂਗਾ?

ਤੂੰ ਕਿਸੇ ਇਨਸਾਨ ਨੂੰ ਜਦ ਮੰਗਦੇ ਨੂੰ ਤੱਕਿਆ,
ਉਸ ਦੀ ਹਾਲਤ ਕਿਉਂ ਹੈ ਇਹ? ਕੀ ਇਹ ਕਦੀ ਤੂੰ ਸੋਚਿਆ?

ਵਿਹਲੇ ਬੈਠੇ ਹੀ ਜੇ ਤੈਨੂੰ ਰੋਟੀ ਪਾਣੀ ਮਿਲ਼ ਜਾਏ,
ਤਾਂ ਕੀ ਉਮਰ ਭਰ ਫਿਰ ਤੈਨੂੰ, ਕੰਮ ਕਰਨ ਦੀ ਲੋੜ ਨਹੀਂ?

ਨਵੀਆਂ ਚੀਜ਼ਾਂ ਨੂੰ ਅਪਨਾਉਣ ਲਈ, ਤਕਲੀਫ਼ ਜੇ ਹੁੰਦੀ,
ਕਿਉਂ ਤੇ ਕਿਸ ਨੂੰ ਵੱਧ ਹੁੰਦੀ,ਜਵਾਨੀ ਤੇ ਬੁਢਾਪੇ 'ਚੋਂ?

ਹੀਰ ਦੀ, ਸੱਸੀ ਦੀ, ਸੋਹਣੀ ਦੀ ਕਹਾਣੀ ਜਦ ਸੁਣੀ,
ਇਸ ਜ਼ਮਾਨੇ ਚੰਦਰੇ 'ਤੇ, ਰੋਹ ਆਇਆ ਕਿ ਨਹੀਂ?

ਕੀ ਕਿਸੇ ਦੇ ਮਰਨ ਤੇ ਰੋਂਦਾ ਰਿਹਾ ਏਂ ਰਾਤ ਦਿਨ ?
ਰੋਣ ਪਿੱਛੋਂ ਕੀ ਕਿਸੇ ਸਿੱਟੇ ਤੇ ਪੁੱਜਿਆ ਕਿ ਨਹੀਂ ?

ਖ਼ਬਰ ਜੱਗ ਦੀ ਤੇ ਨਜ਼ਰੀਆ ਜੇ ਨਹੀਂ ਇਨਸਾਨ ਦਾ,
ਫਿਰ ਭਲਾ! ਇਨਸਾਨ ਵਿਚ ਤੇ ਪਸ਼ੂਆਂ ਵਿਚ ਕੀ ਫ਼ਰਕ ਹੈ ?

ਐ ਦੋਸਤ! ਸੱਚ ਸੱਚ ਦੱਸੀਂ, ਕਦੀ ਤੈਨੂੰ ਵੀ ਆਇਆ ਈ,
ਆਪਣੇ ਆਪ ਤੇ ਗੁੱਸਾ ਤੇ ਆਪਣੇ ਆਪ ਤੇ ਹਾਸਾ ?

ਜੇ ਉਹ ਤੇਰੇ ਭਰੋਸੇ ਤੇ ਪਾਪਾਂ ਦਾ ਭੇਦ ਦੱਸ ਦੇਵੇ,
ਤਾਂ ਕੀ ਤੂੰ ਮੁਖ਼ਬਰੀ ਕਰਕੇ, ਭਰੋਸੇ ਨੂੰ ਮਿਟਾਵੇਂਗਾ ?

ਪੂਰਨਿਆਂ ਤੇ ਚੱਲਣਾ ਹੀ ਜੇ ਤੇਰਾ ਵਿਸ਼ਵਾਸ ਹੈ,
ਤਾਂ ਇਹ ਦੱਸ ਕਿ ਆਦਮੀ ਕਿੰਞ ਚੰਦ ਉਤੇ ਪਹੁੰਚਦਾ?

ਤੂੰ ਕਦੇ ਕੋਈ ਮਰ ਰਿਹਾ ਜੀਵਨ ਬਚਾਵਣ ਵਾਸਤੇ,
ਆਪਣੀ ਜਿੰਦ ਜਾਨ ਨੂੰ ਖ਼ਤਰੇ 'ਚ ਪਾਇਆ ਕਿ ਨਹੀਂ?

ਆਪਣੇ ਆਪ ਤੋਂ ਬ੍ਰਹਿਮੰਡ ਤਕ ਜੇ ਇਕ ਨਜ਼ਰ ਮਾਰੇਂ,
ਤਾਂ ਕੀ ਇਸ ਵਿਚ ਕਿਧਰੇ ਰੱਬ ਦੀ ਵੀ ਹੋਂਦ ਦਿਸਦੀ ਹੈ?

ਆਤਮਾ, ਮਹਾਤਮਾ, ਪਰਮਾਤਮਾ ਕੀ ਹੋਵੰਦੇ ?
ਕੀ ਇਨ੍ਹਾਂ ਨੂੰ ਜਾਣ ਲੈਣਾ, ਜ਼ਿੰਦਗੀ ਵਿਚ ਹੈ ਜ਼ਰੂਰ ?

## ਜੀਵਨ ਰਾਹ

'ਪ੍ਰੀਤਮ'! ਜੇ ਚਹੁੰਦਾ ਏਂ
ਆਪਣੀ ਜ਼ਿੰਦਗੀ ਸੁਖੀ ਬਨਾਣੀ,
ਤਾਂ ਮੰਜ਼ਿਲ ਦਾ ਹਰ ਦੋਰਾਹਾ,
ਚੰਗੀ ਤਰ੍ਹਾਂ ਪਛਾਣੀ।

ਰਾਹਾਂ ਦੇ ਵਿਚ ਰੋਕਣ ਦੇ ਲਈ,
ਰਾਹ ਪਹਾੜਾਂ ਮੱਲੇ,
ਤਾਂ ਵੀ ਪਲ ਪਲ ਬਚ ਬਚ
ਅੱਗੇ ਤੁਰਦਾ ਜਾਵੇ ਪਾਣੀ।

ਨਾਲ ਪਹਾੜਾਂ ਮੱਥਾ ਲਾ ਕੇ
ਜੇ ਪਾਣੀ ਬਹਿ ਜਾਵੇ,
ਥੁਹੜੇ ਚਿਰ ਦੇ ਵਿਚ ਹੀ ਇਸ ਦੀ
ਹੋਂਦ ਵੀ ਏ ਮਿਟ ਜਾਣੀ।

ਚੱਟਾਨਾ ਦੀ ਕਮਜ਼ੋਰੀ ਵੀ
ਪਾਣੀ ਲੱਭ ਲੈਂਦਾ ਹੈ,
ਇਹ ਨਿਰੰਤਰ ਤੁਰਿਆ ਜਾਵੇ,
ਵਿੱਥਾਂ ਵਿਰਲਾਂ ਥਾਣੀ।

ਜਿੱਤਣ ਦੇ ਲਈ ਸੌ ਦਾਅ ਹੁੰਦੇ,
ਸੌ ਰਾਹ ਦੀ ਇਕ ਮੰਜ਼ਿਲ,
ਜਿਸ ਨੂੰ ਏਨੀ ਸਮਝ ਨਾ ਆਈ,
ਉਸ ਨੇ ਹਾਰ ਹੀ ਖਾਣੀ।

ਯੋਧਾ ਉਹ ਹੈ ਜੋ ਹਰ ਹੀਲੇ
ਸਰ ਮੰਜ਼ਿਲ ਨੂੰ ਕਰਦਾ,
ਓਸੇ ਦੀ ਹੀ ਦੁਨੀਆਂ ਅੰਦਰ
ਹੁੰਦੀ ਅਮਰ ਕਹਾਣੀ।

↑ ਤਤਕਰਾ ↑

# ਇਕ ਕਦਮ ਇਕ ਦਰਵਾਜ਼ੇ ’ਚੋਂ

ਮੈਂ ਜੰਗਲ ਵਿਚ ਆ ਵੜਿਆ ਹਾਂ।
ਮੈਂ ਸਾਗਰ ਵਿਚ ਆ ਵੜਿਆ ਹਾਂ।
ਘਰ ਦੀ ਚਾਰ-ਦੀਵਾਰੀ ਛੱਡ ਕੇ,
ਮੈਂ ’ਬਾਹਰ’ ਵਿਚ ਆ ਵੜਿਆ ਹਾਂ।

ਪਰ ਇਹ ਜੰਗਲ ਨਹੀਂ ਡਰਾਉਣਾ,
ਇਹ ਤਾਂ ’ਬਿੰਦਰਾ-ਬਨ’ ਹੈ ਸਾਰਾ।
ਇਸ ਸਾਗਰ ਵਿਚ ਡਰ ਨਾ ਕੋਈ,
ਇਹ ’ਕੌਸਰ’, ਜੀਵਨ ਦੀ ਧਾਰਾ।

ਸਾਰਾ ’ਬਾਹਰ’ ਆਪਣਾ ਹੋਇਆ,
ਹੁਣ ਮੰਜ਼ਿਲ ਦੀ ਲੋੜ ਰਹੀ ਨਾ।
ਬੈਠ ਇਕੱਲਾ ਮੌਜਾਂ ਮਾਣਾ,
ਹੁਣ ਮਹਫ਼ਿਲ ਦੀ ਲੋੜ ਰਹੀ ਨਾ।

ਮੈਂ ਆਪੇ ਹੀ ’ਮੈਂ’ ਬਣ ਜਾਵਾਂ,
ਮੈਂ ਆਪੇ ’ਮਿੱਤਰ’ ਬਣ ਜਾਵਾਂ।
ਮੈਂ ਆਪੇ ਹੀ ਬਣਾ ’ਨਜ਼ਾਰਾ’,
ਆਪੇ ਹੀ ’ਨਜ਼ਰ’ ਬਣ ਜਾਵਾਂ।

ਸੋਚਾਂ ਦੇ ਮੇਲੇ ’ਚੋਂ ਨਿੱਕਲ
ਮੈਂ ਆਪੇ ਵਿਚ ਖੋ ਜਾਂਦਾ ਹਾਂ
ਮੈਂ ਮੈਨੂੰ ਹੀ ਚੰਗਾ ਲੱਗਾਂ,
ਮੈਂ ਆਪਣਾ ਹੀ ਹੋ ਜਾਂਦਾ ਹਾਂ।

ਆਪਣੇ ਘਰ ਦੀ ਚਾਰ-ਦੀਵਾਰੀ,
’ਬਾਹਰ’ ਦੇ ਵਿਚ ਸ਼ਾਮਿਲ ਹੋਈ,
ਨਾ ਹੁਣ ਕੋਈ ਬੇਗਾਨਾ ਹੈ
ਨਾ ਹੀ ਏਥੇ ਆਪਣਾ ਕੋਈ।

ਇਕ ਕਦਮ, ਇਕ ਦਰਵਾਜ਼ੇ ’ਚੋਂ,
ਸਾਰਾ ਜੱਗ ਦਿਖਾ ਦਿੰਦਾ ਹੈ।
ਇਕ ਕਦਮ, ਇਕ ਦਰਵਾਜ਼ੇ ’ਚੋਂ,
ਬੰਦਿਓਂ ਰੱਬ ਬਣਾ ਦਿੰਦਾ ਹੈ।

↑ ਤਤਕਰਾ ↑

## ਜ਼ਿੰਦਗੀ! ਐ ਜ਼ਿੰਦਗੀ!!

ਜ਼ਿੰਦਗੀ! ਐ ਜ਼ਿੰਦਗੀ!! ਤੇਰਾ ਨਿਜ਼ਾਮ ਦੇਖਿਆ।
ਤੇਰੀ ਫ਼ਿਤਰਤ ਦਾ ਨਜ਼ਾਰਾ, ਸੁਬਹ-ਸ਼ਾਮ ਦੇਖਿਆ।
ਹਰ ਧੜਕਦੀ ਤੇ ਤੜਪਦੀ ਚੀਜ਼ ਦੀ ਜ਼ੁਬਾਨ 'ਤੇ,
ਬਸ 'ਰਵਾਨਾ' ਰਹਿਣ ਦਾ, ਤੇਰਾ ਪੈਗ਼ਾਮ ਦੇਖਿਆ।
ਤੇਰੀ ਹੀ ਪ੍ਰਾਪਤੀ ਦਾ ਉਹ ਸ਼ਾਇਦ ਸਵਾਲ ਸੀ,
ਜੰਨਤ ਛੱਡਣ ਸਮੇਂ, ਜੋ 'ਆਦਮ' ਦੇ ਨਾਮ ਦੇਖਿਆ।
ਇਕ ਹਨੇਰੀ ਰਾਤ ਤੋਂ ਦੂਜੀ ਹਨੇਰੀ ਰਾਤ ਤਕ,
ਧੁੱਪ ਵਾਂਗੂ ਚਮਕਦਾ, ਤੇਰਾ ਮੁਕਾਮ ਦੇਖਿਆ।
ਲੋਅ 'ਚੋਂ ਲੋਅ, ਮਿੱਟੀ 'ਚੋਂ ਮਿੱਟੀ ਤੂੰ ਬਣਾਈ ਇਸ ਤਰ੍ਹਾਂ,
ਤੇਰੇ ਅੱਗੇ ਮੌਤ ਨੂੰ ਵੀ, ਮੈਂ ਨਾਕਾਮ ਦੇਖਿਆ।
ਉਤਪਤੀ ਦੇ ਚਾਰੇ 'ਖਾਣੀ' ਤਕ ਹੀ ਮੇਰੀ ਪਹੁੰਚ ਹੈ,
ਹੋਰ ਵੀ ਕੋਈ ਹੈ ਤਾਂ ਮੈਂ ਨਾ ਇਹਤਿਮਾਮ ਦੇਖਿਆ।
ਉਂਜ ਤਾਂ ਭਾਵੇਂ ਸਦਾ ਤੂੰ ਸਮਿਆਂ ਦੀ ਮਾਲਿਕ ਰਹੀ,
ਪਰ ਤੇਰਾ ਵਜੂਦ ਸਮਿਆਂ ਦਾ ਗ਼ੁਲਾਮ ਦੇਖਿਆ।
ਸਹਿ ਲਵਾਂਗਾ ਗਰਭ-ਪੀੜਾ, ਮਰਨ-ਪੀੜਾ ਸੌ ਦਫ਼ਾ,
ਤੇਰੇ ਲਈ, ਕਿ ਤੂੰ ਹੀ ਇਕ ਐਸਾ ਇਨਾਮ ਦੇਖਿਆ।
ਪੜ੍ਹਨਾ ਸਿੱਖਿਆ ਹੈ ਜਦੋਂ ਦਾ ਖ਼ੁਸ਼ੀਆਂ ਦੀ ਕਿਤਾਬ ਨੂੰ,
ਏਸ ਦੇ ਹਰ ਵਰਕ 'ਤੇ, ਮੈਂ ਤੇਰਾ ਨਾਮ ਦੇਖਿਆ।
ਕਿਧਰੇ ਵੀ ਕੋਈ ਹੈ ਜੇ ਜੰਨਤ, ਹੈ ਨਹੀਂ ਤੇਰੇ ਬਿਨਾਂ,
ਭਾਵੇਂ ਉਸ ਜੰਨਤ ਨੂੰ ਤੂੰ, ਬਰਾਏ ਨਾਮ ਦੇਖਿਆ।
ਚਾਰ ਦਿਨ ਆਰਾਮ ਦੇ ਕਟ ਜਾਣ ਦੀ ਹਸਰਤ ਲਈ,
ਜਦ ਵੀ ਤੈਨੂੰ ਦੇਖਿਆ ਹੈ, ਬੇ-ਆਰਾਮ ਦੇਖਿਆ।
ਤੂੰ ਹੀ ਜਨਨੀ ਤੂੰ ਹੀ ਕਾਤਿਲ, ਤੂੰ ਜ਼ਾਲਿਮ, ਮਜ਼ਲੂਮ ਤੂੰ,
ਤੇਰੇ ਹੱਥੋਂ ਤੇਰਾ ਹੀ ਜੀਣਾ ਹਰਾਮ ਦੇਖਿਆ।
ਆਪਣੇ ਆਪੇ ਤੇ ਹੋਈ ਜਦ ਲੋੜ ਤੋਂ ਵਧ ਕੇ ਖ਼ਫ਼ਾ,
ਤਾਂ ਤੇਰੀ 'ਉਸ' ਹੋਂਦ ਦਾ ਹੋਣਾ ਤਮਾਮ ਦੇਖਿਆ।
ਤੂੰ ਬਣੀ ਆਪੇ ਹੀ 'ਕਾਰਨ' ਆਪਣਾ ਆਪ ਮਿਟਾਣ ਦਾ,
ਕਹਿਣ ਨੂੰ ਤਾਂ ਮੌਤ ਹੀ, ਤੇਰਾ ਅੰਜਾਮ ਦੇਖਿਆ।

↑ ਤਤਕਰਾ ↑

# ਉੱਚੀਆਂ ਲੰਮੀਆਂ ਟਾਲ੍ਹੀਆਂ
(ਪੰਜਾਬ ਦੀਆਂ ਮਾਂਵਾਂ)

ਉਂਚੀਆਂ ਲੰਮੀਆਂ ਟ੍ਹਾਲੀਆਂ ਦੇ,
ਟੁੱਟੀ ਜਾਂਦੇ ਟਾਹਣ ਵੇ ਮਾਹੀਆ ।
ਇਹ ਤੂਫ਼ਾਨਾਂ ਮਾਰੀਆਂ ਵੇ,
ਪੀੜਾਂ ਨਾਲ ਕਰਾਹਣ ਵੇ ਮਾਹੀਆ ।

ਮੋਛੇ1 ਵਢ ਵਢ ਬਾਲਦੇ ਵੇ,
ਘਰ ਘਰ ਅੱਗਾਂ ਲਾਣ ਵੇ ਮਾਹੀਆ ।
ਆਪੇ ਬਾਹਾਂ2 ਛਾਂਗਦੇ ਵੇ,
ਸੀ ਜਿਨ੍ਹਾਂ ਤੇ ਮਾਣ ਵੇ ਮਾਹੀਆ ।

ਬੇਪੱਤ ਕਰਦੇ ਬੱਚੀਆਂ ਨੂੰ,
ਸੰਗਣ ਨਾ ਸ਼ਰਮਾਣ ਵੇ ਮਾਹੀਆ ।
ਜਿਵੇਂ ਅਨਾੜੀ ਤੱਛਦੇ ਵੇ,
ਤਿਵੇਂ ਇਹ ਪੱਤਾਂ ਲਾਹਣ ਵੇ ਮਾਹੀਆ ।

ਸਣੇ ਆਲ੍ਹਣੇ ਡਿੱਗ ਪਏ ਜੋ,
ਬੋਟ3 ਪਏ ਕੁਰਲਾਣ ਵੇ ਮਾਹੀਆ ।
ਖੰਭ-ਕਟਿਆਂ ਦੇ ਸਾਹਮਣੇ ਵੇ,
ਭੱਜਣ ਨੂੰ ਹੁਣ ਵਾਹਣ ਵੇ ਮਾਹੀਆ ।

ਤੇਰੀਆਂ ਵਾਟਾਂ ਸੋਚ ਕੇ ਵੇ,
ਗੋਤੇ ਪੈਂਦੇ ਜਾਣ ਵੇ ਮਾਹੀਆ ।
ਨਾ ਤੀਆਂ ਨਾ ਸਾਥਣਾ ਵੇ,
' ਪ੍ਰੀਤਮ ' ਨੂੰ ਅੱਜ ਭਾਣ ਵੇ ਮਾਹੀਆ ।

---

1. ਪੁੱਤਰ 2. ਭਰਾ, 3. ਯਤੀਮ

↑ ਤਤਕਰਾ ↑

## ਇਕ ਤਰਫ਼ੀ ਸੋਚ

ਇਕ-ਤਰਫ਼ੀ ਸੋਚ ਦੇ ਵਿਚ ਸਿਰਫ਼ ਬਰਬਾਦੀ ਹੀ ਹੈ।
ਇਹ ਪਤਾ ਕਰਨਾ, ਕਿ ਓਧਰ ਦੂਸਰੇ ਪਾਸੇ ਕੀ ਹੈ।
ਮੱਖੀ ਵਾਂਗੂੰ ਨਾ ਮਰੀਂ, ਬਾਰੀ ’ਚ ਟੱਕਰਾਂ ਮਾਰ ਕੇ,
ਏਨੀ ਵੀ ਸੋਚੀਂ, ਕਿ ਲਾਗੇ ਇਕ ਦਰਵਾਜ਼ਾ ਵੀ ਹੈ।

## ਤੱਤ / ਭੁਲੇਖੇ

ਪਿਆਰ ਨੂੰ ਸਮੇਂ ਦੀ ਕੋਈ ਲੋੜ ਨਾ,
ਪਰ ਸਮਾਂ ਲਗਦੈ, ਨਿਬਾਹ ਦੇ ਵਾਸਤੇ।

ਹਰ ਨਜ਼ਾਰਾ ਹੁੰਦਾ ਹੈ ਦਿਲ ਦੀ ਪਸੰਦ,
ਇਹ ਨਹੀਂ ਹੁੰਦਾ, ਨਿਗਾਹ ਦੇ ਵਾਸਤੇ।

ਰੋਕਣ ਦੇ ਲਈ, ਡਰ ਹੈ ਭਲਮਾਣਸ ਨਹੀਂ,
ਹਰ ਸ਼ਖ਼ਸ ਇੱਛੁਕ, ਗੁਨਾਹ ਦੇ ਵਾਸਤੇ।

ਬੱਚਿਆਂ ਲਈ ਪਿਆਰ, ਨਹੀਂ ਕਾਰਣ ਇਹਦਾ,
ਸਰਬਰਾਹੀ ਹੈ , ਵਿਆਹ ਦੇ ਵਾਸਤੇ।

↑ ਤਤਕਰਾ ↑

## ਪੰਜਾਬ

ਮੈਂ ਵਾਸੀ ਓਸ ਪੰਜਾਬ ਦਾ ਹਾਂ,
ਜਿਹੜਾ ਸਿਰਤਾਜ ਹੈ ਭਾਰਤ ਦਾ,
ਤੇ ਕਾਇਮ ਜਿਸ ਦੀਆਂ ਮੜ੍ਹੀਆਂ ’ਤੇ,
ਹੁੰਦਾ ਰਿਹਾ ਰਾਜ ਹੈ ਭਾਰਤ ਦਾ।

ਜਦ ਕੋਈ ’ਵਸ਼ਿਸ਼ਟ’[1] ਜਿਹਾ ਦੁਖੀਆ,
ਤੁਰਿਆ ਸੀ ਜਾਨ ਗਵਾਣ ਲਈ,
ਸੌ ਹਿੱਸਿਆਂ ਵਿਚ ਹੋ ਕੇ ਵਗਿਆ,
’ਸਤਲੁਜ’ ਉਹਦੀ ਜਾਨ ਬਚਾਣ ਲਈ।

‘ਸ਼ਤ-ਦ੍ਰਵ’ ਤੋਂ ’ਸਤਲੁਜ’ ਬਣਿਆਂ ਜੋ,
ਇਹ ਹੈ ਪੁਤਲਾ ਕੁਰਬਾਨੀ ਦਾ ।
ਹੈ ਸੋਚ ਆਜ਼ਾਦ ਬਾਸ਼ਿੰਦਿਆਂ ਦੀ,
ਹਰ ਕਤਰਾ ਇਹਦੀ ਰਵਾਨੀ ਦਾ ।

ਫਿਰ ਗਿਆ ’ਵਸ਼ਿਸ਼ਟ’ ’ਬਿਆਸਾ’ ’ਤੇ,
ਜਦ ਬੰਧਨ ਬੰਨ੍ਹ ਕੇ ਕੁੱਦ ਪਿਆ,
ਉਸ ਵੇਲੇ ਦੇਵ ਬਿਆਸਾ ਦਾ,
ਬੰਧਨ ਖੋਲ੍ਹਣ ਲਈ ਪੁੱਜ ਗਿਆ ।

ਇੰਜ ਆਸਾ ਵੰਡੀ ਦੁਨੀਆਂ ਵਿਚ,
ਕਿ ਕੋਈ ਬੇ-ਆਸ ਨਾ ਰਹਿ ਜਾਵੇ ;
ਸਤਲੁਜ ਵਿਚ ਇਕ-ਮਿਕ ਹੋਣ ਲਈ,
ਪਿੱਛੇ ’ਬਿਆਸ’ ਨਾ ਰਹਿ ਜਾਵੇ ।

’ਐਰਾਵਤੀ’ ਇਹਦੀ ’ਰਾਵੀ’ ਹੈ,
ਬਿਜਲੀ ਹੈ, ਕੜਕ ਦਿਖਾਉਂਦੀ ਹੈ;
ਕਿਸੇ ਰਹਿਬਰ ਦੀ ਤਪਦੀ ਦੇਹ ਨੂੰ,
ਪਿਆਰਾਂ ਦੀ ਠੰਡਕ ਪਾਉਂਦੀ ਹੈ।

ਚੰਦ ਵਰਗੀਆਂ, ਹੁਸਨਾ ਵਾਲ਼ੀਆਂ ਸੀ,
ਉਹਨਾਂ ਦੇ ਭਾਗੀਂ ਜੋ ਆਇਆ ,
’ਚੰਦਰਭਾਗਾ’ ਹੀ ’ਝਨਾਂ’ ਬਣਿਆਂ
ਤੇ ਉਹੀ ’ਚਨਾਬ’ ਵੀ ਕਹਿਲਾਇਆ ।

‘ਵਾਰਿ-ਨਾਗ’ ਦਿਆਂ ਚਸ਼ਮਿਆਂ ਤੋਂ,
ਜਦ ਸ਼ੂਕਿਆ ਪਾਣੀ ਮਸਤੀ ਦਾ,
ਉਸ ‘ਜੇਹਲਮ’ ਪੂਰਾ ਕੀਤਾ ਏ,
ਪੰਜਾ ‘ਪੰਜਾਬ’ ਦੀ ਧਰਤੀ ਦਾ।

ਪੰਜਾਬ ਹੈ ਨਾਂ ਪੰਜ ਆਬਾਂ ਦਾ,
ਪੰਜਾਬ ਹੈ ਨਾਮ ਰਵਾਨੀ ਦਾ।
ਪੰਜਾਬ ਹੈ ਨਾਂ, ਉਮਰਾਂ ਉਤੇ
ਇਕ ਸੱਜਰੀ ਚੜ੍ਹੀ ਜਵਾਨੀ ਦਾ।

ਪੰਜਾਬ ਹੈ ਨਾਂ ਖ਼ੁਸ਼ਹਾਲੀ ਦਾ,
ਪੰਜਾਬ ਹੈ ਨਾਮ ਬਹਾਰਾਂ ਦਾ।
ਪੰਜਾਬ ਹੈ ਨਾਂ ਕੁਰਬਾਨੀ ਦਾ,
ਪੰਜਾਬ ਹੈ ਨਾਮ ਪਿਆਰਾਂ ਦਾ।

ਪੰਜਾਬ ਹੈ ਨਾਂ ਕਿਸੇ ਮਸਤੀ ਦਾ,
ਪੰਜਾਬ ਹੈ ਨਾਂ ਖੜਮਸਤੀ ਦਾ;
ਪੰਜਾਬ ਹੈ ਨਾਂ ਥੇਹ ਬਣ ਬਣ ਕੇ,
ਵਸਦੀ ਤੇ ਹੱਸਦੀ ਬਸਤੀ ਦਾ।

ਪੰਜਾਬ ਹੈ ਨਾਂ ਸਤਿ-ਬਚਨਾ ਦਾ,
ਪੰਜਾਬ ਹੈ ਨਾਂ ਮਨਮਾਨੀ ਦਾ।
ਪੰਜਾਬ ਹੈ ਨਾਂ ਭੰਡਾਰਾਂ ਦਾ,
ਪੰਜਾਬ ਹੈ ਨਾਂ ਇਕ ਦਾਨੀ ਦਾ।

ਪੰਜਾਬ ਹੈ ਨਾਂ ਵਿਚਲੇ ਰਾਹ ਦਾ,
ਪੰਜਾਬ ਨਹੀਂ ਸੱਜੇ ਖੱਬੇ ਦਾ।
ਪੰਜਾਬ ਹੈ ਨਾਂ ਦਿਲ ਫੋਲਣ ਦਾ,
ਇਹ ਨਾਮ ਨਹੀਂ ਭਾਂਡੇ ਕੱਜੇ ਦਾ।

ਪੰਜਾਬ ਹੈ ਨਾਂ ਮਿਹਨਤ-ਕਸ਼ ਦਾ,
ਪੰਜਾਬ ਹੈ ਨਾਮ ਕਿਸਾਨਾ ਦਾ।
ਆਜ਼ਾਦੀ ਲਈ ਜੀਂਦੇ, ਮਰਦੇ,
ਅਣਖੀਲੇ, ਸ਼ੋਖ਼ ਜਵਾਨਾ ਦਾ।

ਪੰਜਾਬ ਹੀ ਨਾਮ ਹੈ ਭੰਗੜੇ ਦਾ,
ਪੰਜਾਬ ਹੀ ਨਾਮ ਹੈ ਗਿੱਧੇ ਦਾ।
ਪੰਜਾਬ ਹੈ ਨਾਂ ਮੱਤ ਉਚੀ ਦਾ,
ਪੰਜਾਬ ਹੈ ਨਾਂ ਦਿਲ ਸਿੱਧੇ ਦਾ।

↑ ਤਤਕਰਾ ↑

ਦੁਨੀਆਂ ਜਦ ਚਿੱਟੀ-ਅਨਪੜ੍ਹ ਸੀ,
ਇਹਨੂੰ ਇਲਮ ਪੜ੍ਹਾਉਣਾ ਆਉਂਦਾ ਸੀ,
ਦੁਨੀਆਂ ਜਦ ਜੰਗਲੀਂ ਸੀ, ਇਹਨੂੰ
'ਤਕਸ਼ਿਲਾ' ਬਣਾਉਣਾ ਆਉਂਦਾ ਸੀ ।

'ਵੇਦਾਂ' ਦਾ ਮੁੱਢ ਏਥੇ ਬੱਝਾ,
'ਰਾਮਾਇਣ' ਏਥੇ ਉਚਰੀ ਹੈ ।
'ਮਹਾਂਭਾਰਤ' ਏਥੇ ਹੋਇਆ ਹੈ,
ਤੇ 'ਬਾਣੀ' ਏਥੇ ਉਤਰੀ ਹੈ।

ਇਸ ਰਹਿਬਰ ਪੈਦਾ ਕੀਤੇ ਨੇ,
ਇਸ 'ਜੁਗਤੀ' ਦਾ ਰਾਹ ਦੱਸਿਆ ਹੈ ।
ਦੁਨੀਆਂ ਦੇ ਝੰਜਟ-ਝੇੜੇ ਤੋਂ,
ਇਸ 'ਮੁਕਤੀ' ਦਾ ਰਾਹ ਦੱਸਿਆ ਹੈ।

ਮਾਨੁਖਤਾ ਦੀ ਖ਼ੁਸ਼ਹਾਲੀ ਲਈ,
ਹਰ ਦੁੱਖੜਾ ਇਸ ਨੇ ਜਰਿਆ ਹੈ ;
ਜੇ ਲੋੜ ਕਿਸੇ ਥਾਂ ਸਿਰ ਦੀ ਸੀ,
'ਆਜ਼ਾਦੀ' ਲਈ, ਜਾ ਧਰਿਆ ਹੈ ।

ਆਜ਼ਾਦੀ ਲਈ ਇਹਦੇ ਸੂਰਮਿਆਂ,
ਤੋਪਾਂ ਦਾ ਮੂੰਹ ਭੁਆਇਆ ਹੈ ;
ਕੋਈ ਇੱਕੜ ਦੁੱਕੜ ਨਹੀਂ, ਇਹਨਾਂ
ਲੋਥਾਂ ਦਾ ਢੇਰ ਲਵਾਇਆ ਹੈ ।

ਕਦੀ ਨਵਯੁਗ ਲਈ, ਇਹਦੇ ਵਾਸੀ ਨੇ
ਝੰਬੂ ਲਾਹ, ਰੂਪ ਵਟਾ ਦਿੱਤਾ ;
ਕਦੀ ਜੰਞੂ ਦੀ ਆਜ਼ਾਦੀ ਲਈ,
ਦਿੱਲੀ ਜਾ ਸੀਸ ਕਟਾ ਦਿੱਤਾ ।

ਇਹਦਾ 'ਭੋਲਾਪਨ', ਇਹਦਾ ਦੁਸ਼ਮਣ ਹੈ,
ਕਈ ਦੁੱਖਾਂ ਲਈ ਆਕਰਸ਼ਣ ਹੈ ;
ਇਹਦੀ ਔਕੜ ਲਈ, ਇਹ ਉਲਝਣ ਹੈ,
ਇਹਦੀ ਤੋਰ ਲਈ, ਇਹ ਤਿਲਕਣ ਹੈ ।

ਜੋ ਹੱਸ ਕੇ ਇਸ ਨੂੰ ਮਿਲਦਾ ਹੈ,
ਉਸਦੇ ਪਿੱਛੇ ਲੱਗ ਜਾਂਦਾ ਹੈ,
ਇਹ 'ਚਾਲ' ਪਛਾਨਣ ਜੋਗਾ ਨਹੀਂ,
ਥਾਂ ਥਾਂ ਤੇ ਧੋਖਾ ਖਾਂਦਾ ਹੈ।

ਇਹਦੇ ਪਿਛਲੱਗ ਖ਼ਿਆਲਾਂ ਤੋਂ,
ਸ਼ਿਕਵੇ ਨਾ ਮਿਟੇ, ਨਾ ਵੈਰ ਮਿਟੇ ;
ਅਪਣੱਤ ਦੇ ਰਾਹੋਂ ਭਟਕ ਗਏ,
ਨਫ਼ਰਤ ਨਾ ਮਿਟੀ, ਨਾ ਗ਼ੈਰ ਮਿਟੇ ।

ਧਰਮਾਂ ਦੀ ਦੌਲਤ ਸੀ ਜਿਹੜੀ,
ਉਸਦੀ ਰਖਵਾਲੀ ਹੋਈ ਨਾ।
ਸਭ ਲਈ ਮੁਹੱਬਤ ਸੀ ਜਿਹੜੀ,
ਉਸ ਦੀ ਰਖਵਾਲੀ ਹੋਈ ਨਾ।

ਜਿਨ੍ਹਾਂ ਇਸ ਤੋਂ ਅਕਲਾਂ ਸਿੱਖੀਆਂ ਨੇ,
ਅੱਜ ਇਸ ਨੂੰ ਉਹ ਸਮਝਾ ਰਹੇ ਨੇ।
ਜੋ ਇਸ ਨੂੰ ਲੁੱਟ ਕੇ ਖਾ ਨਾ ਸਕੇ,
ਉਹ ਚਾਲਾਂ ਚੱਲ ਕੇ ਖਾ ਰਹੇ ਨੇ।

ਦੁਨਿਆਵੀ ਸਾਥੀ ਦੇ ਨਾਲੋਂ,
ਇਹਦੀ ਚਾਲ ਵੀ ਮੱਧਮ ਹੋਈ ਹੈ,
ਇਹ ਕਿਸਮਤ ਉਤੇ ਰੋਂਦਾ ਏ,
ਇਹਦੀ ਅਕਲ ਇਹਦੇ 'ਤੇ ਰੋਈ ਹੈ ।

ਏਸੇ ਹੀ ਧਰਤੀ ਵਿਚੋਂ ਫਿਰ,
ਕੋਈ ਖ਼ਾਲਿਸ ਤੱਤ ਉਭਰਨਾ ਏਂ;
ਜਿਸ ਪਾਕ ਨਾ-ਪਾਕ ਨੂੰ ਕਰ ਜਾਣਾ,
ਜਿਸ ਜ਼ਖ਼ਮ ਅਵੱਲਾ ਭਰਨਾ ਏਂ।

ਉੱਜੜ ਪੁੱਜੜ ਕੇ ਵਸ ਜਾਣਾ,
ਇਹ ਖ਼ੂਬੀ ਇਹਦੀ ਪੁਰਾਣੀ ਹੈ।
ਹਰ ਸੁਬਹ ਨੂੰ ਦੱਸੀ ਜਾਂਦੀ ਜੋ,
ਏਸੇ ਦੀ ਅਮਰ ਕਹਾਣੀ ਹੈ ।

↑ ਤਤਕਰਾ ↑

ਨਵੇਂ ਪੰਜਾਬੀ

# ਪ੍ਰਵਾਸੀ ਦੇ ਨਾਮ

ਤੇਰੀ ਹਸਤੀ ਵੀ ਅਨਜਾਣੀ,
ਤੇਰੀ ਸ਼ੁਹਰਤ ਵੀ ਅਨਜਾਣੀ ।
ਤੇਰਾ ਰੰਗ ਢੰਗ ਅਨਜਾਣਾ,
ਤੇਰੀ ਆਦਤ ਵੀ ਅਨਜਾਣੀ ।

ਤੂੰ ਭਾਵੇਂ ਏਸੇ ਧਰਤੀ ਤੋਂ ਏਂ,
ਬਾਹਰ ਤੋਂ ਨਹੀਂ ਆਇਆ,
ਤੇਰੀ ਦੁਨੀਆਂ ਵੀ ਅਨਜਾਣੀ,
ਤੇਰੀ ਸੂਰਤ ਵੀ ਅਨਜਾਣੀ ।

ਕਿਸੇ ਅਨਜਾਣ ਸ਼ੈਅ ਤੋਂ,
ਹਰ ਕਿਸੇ ਨੂੰ ਡਰ ਹੀ ਲਗਦਾ ਹੈ,
ਤੇਰਾ ਮਕਸਦ ਵੀ ਅਨਜਾਣਾ,
ਤੇਰੀ ਚਾਹਤ ਵੀ ਅਨਜਾਣੀ।

ਅਜਨਬੀ ਸ਼ਹਿਰ ਨਹੀਂ,
ਇਕ ਅਜਨਬੀ ਲਈ ਇਹ ਵੀ ਜੰਗਲ ਹੈ,
ਨਵੇਂ ਰਾਹ ਪਾਉਣ ਦੀ, ਏਥੇ
ਤੇਰੀ ਜੁੱਰਤ ਵੀ ਅਨਜਾਣੀ ।

ਅਜਨਬੀਆਂ ਨੂੰ ਨਵਿਆਂ ਰਾਹਾਂ ’ਤੇ,
ਕੁੱਤੇ ਵੀ ਪੈਂਦੇ ਨੇ,
ਜਦੋਂ ਤਕ ਖੁਲ੍ਹਦਾ ਨਹੀ ਤੂੰ,
ਤੇਰੀ ਨਿਸਬਤ ਵੀ ਅਨਜਾਣੀ ।

ਛੁਪੀ ਹੀ ਰਹਿ ਗਈ ਜਦ ਤਕ,
ਕਹਾਣੀ ’ਹੀਰ ਰਾਂਝੇ’ ਦੀ,
ਤੇਰੀ ਉਲਫ਼ਤ ਵੀ ਅਨਜਾਣੀ,
ਤੇਰੀ ਹਿੰਮਤ ਵੀ ਅਨਜਾਣੀ ।

ਇਹ ਠੰਡਾ ਦੇਸ਼, ਹਰ ਮਸਲੇ ਨੂੰ,
ਗੱਲੀਂ ਬਾਤੀਂ ਸੁਲਝਾਵੇ,
ਇਹਦੀ ਫ਼ਿਤਰਤ ਵੀ ਅਨਜਾਣੀ,
ਤੇਰੀ ਹਰਕਤ ਵੀ ਅਨਜਾਣੀ ।

ਇਹ ਨਿਅਮਤ ਦਾ ਖ਼ਜ਼ਾਨਾ ਏਂ,
ਮੁਸ਼ੱਕਤ, ਤੇਰੀ ਪੂੰਜੀ ਏ,
ਇਹਦੀ ਦੌਲਤ ਵੀ ਅਨਜਾਣੀ,
ਤੇਰੀ ਦੌਲਤ ਵੀ ਅਨਜਾਣੀ ।

ਇੱਜ਼ਤ ਨਾਲ ਜੀਵਣ ਦੇ,
ਏਥੇ ਵੱਖਰੇ ਤਰੀਕੇ ਨੇ,
ਇਹਦੀ ਤਾਕਤ ਵੀ ਅਨਜਾਣੀ,
ਤੇਰੀ ਤਾਕਤ ਵੀ ਅਨਜਾਣੀ ।

ਜੇ ਆਇਆ ਏਂ, ਤਾਂ ਜੀਅ ਸਦਕੇ,
ਦੱਬ ਕੇ ਵਾਹ ਤੇ ਰੱਜ ਕੇ ਖਾਹ,
ਕਿਤੇ ’ਪ੍ਰੀਤਮ’ ਨਾ ਰਹਿ ਜਾਵੇ,
ਤੇਰੀ ਮਿਹਨਤ ਵੀ ਅਨਜਾਣੀ ।

↑ ਤਤਕਰਾ ↑

## ਇਕ ਸ਼ੇਅਰ

ਜੀਵਨ ਦੇ ਅੱਖਰਾਂ ਵਿਚ, ਕਤਰੇ!
ਇਸ ਦੇ ਮਾਅਨੇ ਵਾਂਗ ਉਂਤਰ ਜਾ।
ਮਰਨ ਲਈ, ਇਕ ਬੂੰਦ ਦੇ ਵਾਂਗੂ,
ਤੂੰ ਕੋਈ ਖਾਲੀ ਸਿੱਪੀ ਭਰ ਜਾ।

## ਵਿਦਾਇਗੀ

ਹੁਣ ਤਕ ਜਿਸ ਨੂੰ ਫਲ਼ ਕਹਿੰਦੇ ਸੀ,
ਉਸ ਨੇ ਰੰਗ ਵਟਾਣਾ ਹੈ ।
ਇਕ ਗੁਲਸ਼ਨ ਮਹਿਕਾਵਣ ਦੇ ਲਈ,
ਫਲ਼ ਤੋਂ ਜੜ੍ਹ ਬਣ ਜਾਣਾ ਹੈ ।

## ਸ਼ਾਂਤੀ ਪੁਰਸਕਾਰ

( Nobel Peace Prize )

ਅਮਨ ਤੇ ਉਹ ਵੀ ਨੋਬਲ,
ਐਸੀ ਥਾਂ ਤੇ ਪਹੁੰਚਿਆ, ਜਿਸ ਥਾਂ
‘ਅਰਾਫ਼ਾਤ’[1] ਜਾਂ ‘ਰਬੀਨ’[2] ਵੀ,
ਮਸ਼ਹੂਰ ਹੋ ਜਾਂਦੈ ।

ਨੌਂ ਸੌ ਚੂਹਾ ਖਾ ਕੇ,
ਜੇ ਬਿੱਲੀ ਹੱਜ ਨੂੰ ਚਲੀ ਜਾਵੇ,
ਤਾਂ ਇਹ ਦੇਖਿਐ ਕਿ ਹੱਜ ਵੀ
ਮਨਜ਼ੂਰ ਹੋ ਜਾਂਦੈ ।

---

1. ਪੀ. ਐਲ. ਓ. ਦਾ ਚੇਅਰਮੈਨ ‘ਯਾਸਰ ਅਰਾਫ਼ਾਤ’
2. ਇਜ਼ਰਾਈਲ ਦਾ ਸਾਬਕਾ ਪ੍ਰਾਈਮ ਮਨਿਸਟਰ ‘ਯਿਤਸਕ ਰਬੀਨ’

↑ ਤਤਕਰਾ ↑

## ਚੇਤਾਵਨੀ

ਦੋਸਤੋ ! ਪਲ ਦੋ ਪਲਾਂ ਲਈ ਚੁੱਪ ਰਹੋ,
ਕੋਈ ਪਾਂਧੀ, ਪੰਧ ਮੁਕਾ ਕੇ ਸੌਂ ਰਿਹਾ।
ਭਾਵੇਂ ਇਹ ਮੰਜ਼ਿਲ ਤੋਂ ਹਾਲੇ ਦੂਰ ਹੈ,
ਸਾਥੀਆਂ ਨੂੰ ਰਾਹ ਦਿਖਾ ਕੇ ਸੌਂ ਰਿਹਾ ।

ਕਲਪਣਾ ਕਰਦਾ ਸੀ ਐਸੇ ਦੇਸ਼ ਦੀ,
ਜਿਸ ਦੇ ਅੰਦਰ ਨਿੱਤ ਨਵਾਂ ਘਰ ਉਸਰੇ।
ਪਰਉਪਕਾਰੀ ਹੋਣ ਸਾਰੇ ਜਿਸ ਜਗਹ,
ਜਿੱਥੇ ਕੋਈ ਵੀ ਗ਼ੁਲਾਮੀ ਨਾ ਕਰੇ ।

ਹਸਰਤਾਂ ਤੇ ਤਾਕਤਾਂ ਦੇ ਖ਼ੌਫ਼ ਤੋਂ,
ਨਾ ਡਰਾਵੇ ਕਿਸੇ ਨੂੰ, ਨਾ ਹੀ ਡਰੇ।
ਬੇਫ਼ਿਕਰ, ਖ਼ੁਸ਼ਹਾਲ ਜੀਵਨ ਜੀਣ ਲਈ,
ਮਰਨ ਤੋਂ ਪਹਿਲਾਂ ਅਜਾਈਂ ਨਾ ਮਰੇ।

ਢਾਰਿਆਂ ਵਿਚ ਵਸਦਿਆਂ ਨੂੰ ਮਹਿਲ ਦੇ,
ਅਨਗਿਣਤ ਸੁਪਨੇ ਤਕਾ ਕੇ ਸੌਂ ਰਿਹਾ ।
ਦੋਸਤੋ ! ਪਲ ਦੋ ਪਲਾਂ ਲਈ ਚੁੱਪ ਰਹੋ,
ਕੋਈ ਪਾਂਧੀ, ਪੰਧ ਮੁਕਾ ਕੇ ਸੌਂ ਰਿਹਾ।

ਢਹਿ ਢੇਰੀ ਹੋ ਸੌਣ ਤੋਂ ਪਹਿਲਾਂ ਇਹੇ,
ਆਖਦਾ ਸੀ ਰੁਕ ਨਾ ਜਾਵੇ ਕਾਫ਼ਲਾ।
ਭਾਵੇਂ ਕਿੰਨੀ ਦੂਰ ਹੋਵਣ ਮੰਜ਼ਿਲਾਂ,
ਤੁਰਦੇ ਰਹੀਏ, ਮਿਟ ਹੀ ਜਾਵੇ ਫ਼ਾਸਲਾ।

ਰਾਹਾਂ ਵਿਚ ਨੇ ਠੋਕਰਾਂ ਤੇ ਸਾਜ਼ਸ਼ਾਂ,
ਸਾਡਾ ਇਹਨਾਂ ਦੋਹਾਂ ਨਾਲ ਮੁਕਾਬਲਾ।
ਜਦ ਤਾਈਂ ਇਸ ਤਨ ਦੇ ਅੰਦਰ ਦਮ ਰਹੇ,
ਸਾਥੀਓ ! ਨਾ ਛੱਡ ਦੇਣਾ ਹੌਸਲਾ।

ਬੇਸ਼ੁਮਾਰ ਹਨੇਰਿਆਂ ਦੇ ਵਾਸਤੇ,
ਆਸ ਦਾ ਦੀਪਕ ਜਗਾ ਕੇ ਸੌਂ ਰਿਹਾ।
ਦੋਸਤੋ ! ਪਲ ਦੋ ਪਲਾਂ ਲਈ ਚੁੱਪ ਰਹੋ,
ਕੋਈ ਪਾਂਧੀ, ਪੰਧ ਮੁਕਾ ਕੇ ਸੌਂ ਰਿਹਾ।

↑ ਤਤਕਰਾ ↑

ਸੁਣ ਰਿਹਾ ਹਾਂ, ਏਥੇ ਹਾਲੇ ਤਕ ਵੀ,
ਦੁਖਾਂ ਦਿਆਂ ਮਾਰਿਆਂ ਦਾ ਸ਼ੋਰ ਹੈ।
ਮਾਲ ਤੇ ਇੱਜ਼ਤ ਜਿਨ੍ਹਾਂ ਦੀ ਲੁਟ ਰਹੀ,
ਉਨ੍ਹਾਂ ਹਾਲ-ਪਾਹਰਿਆਂ ਦਾ ਸ਼ੋਰ ਹੈ।

ਆਪਣੇ ਹੱਕ, ਆਪਣੀ ਹਿਫ਼ਾਜ਼ਤ ਵਾਸਤੇ,
ਗੋਲ਼ੀਆਂ ਦਾ, ਨਾਅਰਿਆਂ ਦਾ ਸ਼ੋਰ ਹੈ ।
ਰਹਿਬਰਾਂ ਨੂੰ ਆਖੋ ! ਕੁਝ ਤੇ ਕਰਨ ਇਹ,
ਚਾਰੇ ਪਾਸੇ ਸਾਰਿਆਂ ਦਾ ਸ਼ੋਰ ਹੈ।

ਕੱਚੀ ਨੀਂਦੇ ਇਹ ਕਿਤੇ ਉਠ ਜਾਏ ਨਾ,
ਇਹ ਜੋ ਸਭ ਕੁਝ ਦਾਅ ਤੇ ਲਾ ਕੇ ਸੌਂ ਰਿਹਾ।
ਦੋਸਤੋ ! ਪਲ ਦੋ ਪਲਾਂ ਲਈ ਚੁੱਪ ਰਹੋ,
ਕੋਈ ਪਾਂਧੀ, ਪੰਧ ਮੁਕਾ ਕੇ ਸੌਂ ਰਿਹਾ ।

ਕੱਚੀ ਨੀਂਦੇ ਜਾਗਿਆ ਇਹ ਜੇ ਕਦੀ,
ਨਾਲ ਜਾਗਣਗੇ ਜ਼ਮਾਨੇ ਪਾਸ਼ ਦੇ ।
ਫੇਰ ਤਿੜਕਣਗੇ ਜਵਾਨਾ ਦੇ ਜਿਸਮ,
ਫੇਰ ਗੂੰਜਣਗੇ ਤਰਾਨੇ ਪਾਸ਼ ਦੇ ।

ਫੇਰ ਨਵੀਆਂ ਨਸਲਾਂ ਦੇਖਣ ਦੇ ਲਈ,
ਕੁੱਖ ਤੇ ਅੱਖਾਂ ਨਹੀਂ ਰਹਿਣੇ ਲਾਸ਼ ਦੇ ।
ਫੇਰ ਟੁਕੜੇ ਹੋ ਜਾਏਗੀ ਇਹ ਜ਼ਮੀਨ,
ਫੇਰ ਟੁਕੜੇ ਹੋਣਗੇ ਆਕਾਸ਼ ਦੇ ।

ਅਨਗਿਣਤ ਅਣਚਾਹੇ ਬੱਚੇ ਰੁਲਣਗੇ,
ਇਹ ਜਿਨ੍ਹਾਂ ਦੀ ਬਾਂਹ ਫੜਾ ਕੇ ਸੌਂ ਰਿਹਾ।
ਦੋਸਤੋ! ਪਲ ਦੋ ਪਲਾਂ ਲਈ ਚੁੱਪ ਰਹੋ,
ਕੋਈ ਪਾਂਧੀ ਪੰਧ ਮੁਕਾ ਕੇ ਸੌਂ ਰਿਹਾ।

↑ ਤਤਕਰਾ ↑

# ਮੁਬਾਰਕ,ਦੱਖਣੀ ਅਫ਼੍ਰੀਕਾ !

( ਮਈ 1994 )

ਚਿੱਟੀ ਧਰਤ ਤੇ ਜਦ ਛਾਈਆਂ ਘਨਘੋਰ ਘਟਾਵਾਂ,
ਤੁਪਕੇ ਖ਼ੂਨ ਦੇ ਬਰਸੇ ਨਵੀਂ ਇਕ ਲਹਿਰ ਲਹਿਰਾਈ ।
ਹਵਾ ਬਦਲੀ ਸਜ਼ਾ ਬਦਲੀ ਫ਼ਜ਼ਾ ਬਦਲੀ ਖ਼ਿਜ਼ਾ ਬਦਲੀ,
ਸਦੀਆਂ ਬਾਅਦ ਏਧਰ ਫੇਰ ਖ਼ੁਸ਼ੀਆਂ ਤੇ ਬਹਾਰ ਆਈ ।

'ਡੀ-ਕਲਰਕ' ਦੀ ਰੂਹ ਨੇ ਜਦੋਂ ਛੁਹਿਆ ਬੁਲੰਦੀ ਨੂੰ,
ਕਿਸੇ ਨੀਵੇਂ ' ਮੰਡੇਲਾ ' ਕੋਲ਼ ਵੀ ਉਚੀ ਸਤਹ ਆਈ ।
ਮੁਬਾਰਕ ਹੋਵੇ, ਕਿ ਇਨਸਾਨੀਅਤ ਨੇ ਆਦਮੀ ਉਤੇ,
ਇਹਦੀ ਹੀ ਭਲਾਈ ਵਾਸਤੇ, ਇਸ ਤੇ ਫ਼ਤਹ ਪਾਈ ।

ਜਿਹੜੇ ਜ਼ਖ਼ਮ ਰਿਸਦੇ ਸੀ, ਰੂਹਾਂ ਦੇ ਤੇ ਜਿਸਮਾਂ ਦੇ,
ਮੈਂ ਇਹ ਦੇਖਦਾ ਹਾਂ ਉਹਨਾਂ ਤੇ ਅੰਗੂਰ ਆਇਆ ਹੈ ।
ਖ਼ੁਸ਼ਹਾਲੀ ਦੇ ਫਲ਼ ਦੇ ਵਾਸਤੇ ਜੋ ਰੁੱਖ ਲਾਇਆ ਸੀ,
ਮੈਂ ਇਹ ਦੇਖਦਾ ਹਾਂ ਓਸ ਤੇ ਅੱਜ ਬੂਰ ਆਇਆ ਹੈ ।

ਹਜ਼ਾਰਾਂ ਜਾਨ ਤੇ ਖੇਡੇ ਸੀ ਇਸ ਦਿਨ ਦੇ ਲਈ, ਲੇਕਿਨ,
ਇਹ ਦਿਨ ਦੇਖ ਨਾ ਸਕੇ ਉਹ ਆਪਣੀ ਜ਼ਿੰਦਗੀ ਅੰਦਰ ।
ਜਿਨ੍ਹਾਂ ਨੂਰੀ ਨਿਗਾਹਾਂ ਨੂੰ, ਸਿਤਮ ਨੇ ਅੰਨ੍ਹਿਆਂ ਕੀਤਾ,
ਉਨ੍ਹਾਂ ਦਾ ਨ੍ਹੇਰਾ ਵੀ ਸ਼ਾਮਿਲ ਹੈ ਅੱਜ ਦੀ ਰੌਸ਼ਨੀ ਅੰਦਰ ।

ਰਵਾਨਾ ਹੋ ਰਹੀ ਨਫ਼ਰਤ, ਦਿਲਾਂ ਵਿਚ ਸਾਂਝ ਉਪਜੀ ਹੈ,
ਝਗੜੇ ਖ਼ਤਮ ਹੋਏ, ਦੋਸਤੀ ਦਾ ਦੌਰ ਆਇਆ ਹੈ ।
ਤੁਸਾਂ ਸਰ ਕਰ ਲਿਆ ਪਹਿਲਾ ਪੜਾ ਆਪਣੀ ਆਜ਼ਾਦੀ ਦਾ
ਅਤੇ ਹੁਣ ਦੂਸਰਾ, ਮਿਹਨਤਕਸ਼ੀ ਦਾ ਦੌਰ ਆਇਆ ਹੈ ।

ਮੁਸੀਬਤ ਦਾ ਜਾਂ ਤਾਕਤ ਦਾ ਜਦੋਂ ਵੀ ਵਕਤ ਹੁੰਦਾ ਹੈ,
ਸਾਰੇ ਆਪਣੇ ਵੀ ਆਪਣਿਆਂ ਦੇ ਵੱਲ ਨਹੀਂ ਹੁੰਦੇ ।
ਅਕਸਰ, ਉਹ ਜੋ ਦੋਹਾਂ ਧਿਰਾਂ ਲਈ ਗੰਭੀਰ ਹੁੰਦੇ ਹਨ,
ਐਸੇ ਮਸਲੇ ਵੀ ਸਮਝੌਤਿਆਂ ਬਿਨ ਹੱਲ ਨਹੀਂ ਹੁੰਦੇ ।

↑ ਤਤਕਰਾ ↑

ਅਸੀਂ[1] ਵੀ ਏਸ ਥਾਂ ਤੇ ਆ ਕੇ ਕੁਝ ਨਿਰਣੇ ਗ਼ਲਤ ਕੀਤੇ,
ਸਾਡੇ ਆਗੂਆਂ, ਖ਼ੁਦ ਵੱਲ ਜਾਂ ਜਨੂੰਨ ਵੱਲ ਤੱਕਿਆ ।
ਅਤੇ ਕੁਝ ਹੋਰ ਰਹਿਬਰ ਜੋ ਸਾਨੂੰ ਕਾਨੂੰਨ ਦੇ ਗਏ ਸਨ,
ਅਸੀਂ ਉਹਨਾਂ ਨੂੰ ਤੱਕਦੇ ਰਹੇ, ਨਹੀਂ ਕਾਨੂੰਨ ਵੱਲ਼ ਤੱਕਿਆ ।

ਤੁਹਾਡੇ ਵਿਚ ਤੇ ਸਾਡੇ ਵਿਚ ਬਹੁਤਾ ਫ਼ਰਕ ਨਹੀਂ ਦਿਸਦਾ,
ਇਸ ਕਰਕੇ ਤੁਹਾਡੀ ਕਾਮਯਾਬੀ ਲਈ ਅੰਦੇਸ਼ੇ ਨੇ ;
ਤੁਹਾਡੇ ਵਾਸਤੇ ਵੀ ਅੜਚਣਾ ਲੈ ਕੇ ਖੜੇ ਹੋਣੇ,
ਜਨੂੰ ਦੇ ਜੋ ਦੋਰਾਹੇ ਮੇਰੇ ਹਮ-ਵਤਨਾਂ [1] ਨੇ ਦੇਖੇ ਨੇ ।

ਤੁਹਾਡੀ ਧਰਤ ਤੇ ਖ਼ੁਸ਼ੀਆਂ ਦਾ ਭਰਿਆ ਵਕਤ ਹੈ ਭਾਵੇਂ,
ਰਲ਼ਵਾਂ ਮਿਲ਼ਵਾਂ ਇਕ ਅਹਿਸਾਸ ਹੈ ਪਰ ਮੇਰੀ ਚਿੰਤਨ ਦਾ ;
ਪਤਾ ਨਹੀਂ ਅੱਜ ਕਿਉਂ ਰਹਿ ਰਹਿ ਕੇ ਮੈਨੂੰ ਯਾਦ ਆਉਂਦਾ ਹੈ,
ਕਦੀ ਅੰਜਾਮ ' ਗਾਂਧੀ ' ਦਾ, ਕਦੀ ਅੰਜਾਮ ' ਲਿੰਕਨ ' ਦਾ ।

ਮੇਰੇ ਦੋਸਤੋ ! ਮੈਂ ਡੂੰਘੇ ਦਿਲ 'ਚੋਂ ਇਹ ਹੀ ਚਹੁੰਦਾ ਹਾਂ,
ਕਿ ਮੇਰਾ ਅੱਜ ਦਾ ਇਹ ਸ਼ੱਕ, ਬੇਸ਼ੱਕ ਝੂਠਾ ਨਿਕਲ਼ ਜਾਵੇ ;
ਜਿਸ ਦੇ ਵਾਸਤੇ ਤੁਰਦੇ ਰਹੇ ਓ ਲੰਮੀਆਂ ਵਾਟਾਂ,
ਖ਼ੁਸ਼ਹਾਲੀ ਦੀ ਉਹ ਮੰਜ਼ਿਲ, ਤੁਹਾਨੂੰ ਸਭਨਾ ਨੂੰ ਮਿਲ਼ ਜਾਵੇ ।

---

1. ਹਿੰਦੋਸਤਾਨੀਆਂ

↑ ਤਤਕਰਾ ↑

# ਟੈਰੀ ਫ਼ੌਕਸ
(1958-1981)

ਇਕ ਜਜ਼ਬਾ ਉਠਦਾ ਹੈ,
ਇਕ ਧਰਤੀ ਤੋਂ ਤੁਰਕੇ,
ਅੰਬਰ ਤਕ ਜਾਂਦਾ ਹੈ।

ਕੁਝ ਕਰ ਦਿਖਲਾਵਣ ਲਈ,
ਮੁੜ ਮੁੜ ਉਕਸਾਉਂਦਾ ਹੈ।
ਦਰਸ਼ਕਾਂ ਦੀ ਭੀੜ ਵਿਚੋਂ,
ਪਿੜ ਵਿਚ ਲੈ ਆਉਂਦਾ ਹੈ।

ਇਕ ਛੋਟੇ ਜਜ਼ਬੇ ਦਾ,
ਆਕਾਰ ਬੜਾ ਹੁੰਦਾ।
ਆਕਾਰ ਦੇ ਅੰਦਰ ਹੀ,
ਵਿਸਥਾਰ ਬੜਾ ਹੁੰਦਾ।

ਇਕ ਗਲੀ ਮਹੱਲੇ 'ਚੋਂ,
ਪਿੰਡਾਂ 'ਚੋਂ, ਪ੍ਰਾਂਤਾਂ 'ਚੋਂ,
ਥਾਂ ਥਾਂ 'ਤੇ ਪਸਰੀਆਂ,
ਨਸਲਾਂ 'ਚੋਂ, ਜਾਤਾਂ 'ਚੋਂ,

ਦੇਸ਼ਾਂ ਦੀਆਂ ਹੱਦਾਂ ਟੱਪ,
ਦੁਨੀਆਂ ਵਿਚ ਆ ਖੜ੍ਹਦਾ।
ਖੇਡਾਂ ਹੀ ਖੇਡਾਂ ਵਿਚ,
'ਓਲਿੰਪੀਆ' ਜਾ ਵੜਦਾ।

ਜਜ਼ਬੇ ਦਾ ਪੁੰਗਰਨਾ,
ਸ਼ੌ ਚੀਜ਼ 'ਤੇ ਨਿਰਭਰ ਹੈ।
ਕੁਝ ਬੀਜ ਦੇ ਉਪਰ ਹੈ,
ਕੁਝ ਧਰਤੀ ਉਪਰ ਹੈ।

ਜੋ ਖਾਣ ਨੂੰ ਹੈ, ਕੀ ਹੈ?
ਜੋ ਪੀਣ ਨੂੰ ਹੈ, ਕੀ ਹੈ?
ਇਸ ਹਿੰਸਕ ਦੁਨੀਆਂ ਵਿਚ
ਜੋ ਜੀਣ ਨੂੰ ਹੈ, ਕੀ ਹੈ?

ਕਈ ਵਾਰ ਬਰੋਟੇ ਨੂੰ,
ਪਸ਼ੂ-ਪਨ ਖਾ ਜਾਵੇ।
ਗੰਦਗੀ ਚੌਗਿਰਦੇ ਦੀ,
ਕੋਈ ਰੋਗ ਲਗਾ ਜਾਵੇ।

ਕੋਈ ਰੋਗੀ ਬੂਟਾ ਪਰ:
ਮਿਟ ਜਾਵਣ ਤੋਂ ਪਹਿਲਾਂ,
ਕੁਝ ਕਰ ਦਿਖਲਾ ਜਾਂਦਾ।
ਗਲਦੇ ਹੋਏ ਪਿੰਜਰ 'ਚੋਂ,
ਇਕ ਮਹਿਕ ਖਿੰਡਾ ਜਾਂਦਾ।

ਬਾਕੀ ਦੇ ਗੁਲਸ਼ਨ ਨੂੰ,
ਇਕ ਸੋਚ ਫੜਾ ਜਾਂਦਾ।
ਜੀਵਨ ਦੇ ਨਿੱਘ ਲਈ,
ਇਕ ਚਿੰਣਗ ਜਗਾ ਜਾਂਦਾ।

ਆਸ਼ਾ ਦੀ ਜੋਤੀ ਤੋਂ,
ਇਕ ਜੋਤ ਜਗਾ ਜਾਂਦਾ।
ਬੇਨਾਮ ਆਬਾਦੀ ਵਿਚ,
ਇਕ ਨਾਮ ਕਮਾ ਜਾਂਦਾ।

'ਟੈਰੀ', ਕੈਨੇਡਾ ਦੇ,
ਬੀ. ਸੀ. ਵਿਚ ਹੋਇਆ ਸੀ।

ਉਹਦੀ ਭਰੀ ਜਵਾਨੀ ਨੂੰ,
ਇਕ ਪੱਕੀ ਜ਼ਹਿਮਤ ਨੇ,
ਇਕ ਲੱਤ ਦੇ ਬਦਲੇ ਵਿਚ,
ਇਕ ਜਜ਼ਬਾ ਦੇ ਦਿੱਤਾ।

ਇਸ ਦੇਸ਼ ਦੀ ਛਾਤੀ 'ਤੇ,
ਜਜ਼ਬਾਤ ਉਭਾਰਨ ਲਈ,
ਇਕ ਪਾਸਿਓਂ ਦੂਜੇ ਨੂੰ,
ਇਕ ਪੈਰ 'ਤੇ ਦੌੜ ਪਿਆ।

ਕਿ ਸ਼ਾਇਦ ਜਜ਼ਬੇ ਨੂੰ,
ਚਿੰਤਨ ਦੇ ਬੂਹੇ 'ਚੋਂ,
ਅੱਗੇ ਲੰਘ ਜਾਵਣ ਦੀ,
ਕੋਈ ਤਾਕਤ ਮਿਲ ਜਾਵੇ।

ਇਸ ਨਾ-ਉਮੀਦੀ ਦੀ,
ਅੱਜ ਦੀ ਮਜਬੂਰੀ ਨੂੰ,
ਇਕ ਭਲਕ ਸੰਵਾਰਨ ਦੀ,
ਕੋਈ ਸੂਰਤ ਮਿਲ ਜਾਵੇ।

ਸਾਹਾਂ ਦੇ ਮੋਤੀ, ਪਰ
ਝੋਲੀ ਵਿਚ ਥੁਹੜੇ ਸਨ,
ਅਧਵਾਟੇ ਹੀ ਕਿਰ ਗਏ,
ਝੋਲੀ ਨੂੰ ਕਰ ਸੱਖਣਾ।

'ਟੈਰੀ' ਹੀ ਜਜ਼ਬਾ ਸੀ,
ਜਜ਼ਬਾ ਹੀ 'ਟੈਰੀ' ਸੀ,
ਹੁਣ ਆਪ ਤਾਂ ਜੀਂਦਾ ਨਹੀਂ,
ਪਰ ਤੁਰਿਆ ਜਾਂਦਾ ਹੈ।

ਇਕ ਜਜ਼ਬਾ ਉਠਦਾ ਹੈ,
ਇਕ ਧਰਤੀ ਤੋਂ ਤੁਰਕੇ,
ਅੰਬਰ ਤਕ ਜਾਂਦਾ ਹੈ।

↑ਤਤਕਰਾ↑

## ਪੱਛਮੀਂ ਲਹਿਰਾਂ

ਨੌਂ ਜਣਿਆਂ, ਇਕ ਨਾਂ ਚੁਣਨਾ ਸੀ।

ਉਨ੍ਹਾਂ 'ਚੋਂ ਇਕ ਸਿਆਣਾ ਕਹਿੰਦਾ,
"ਇਕ ਇਕ ਨਾਂ, ਤਜਵੀਜ਼ ਕਰ ਦਿਓ।"

ਸਭਨਾ ਤੋਂ ਇਕ ਇਕ ਨਾਂ ਲੈ ਕੇ,
ਉਸਨੇ ਉਹਨਾਂ ਨੂੰ ਨੌਂ ਨੌਂ ਦਿੱਤੇ ।

ਕਹਿਣ ਲੱਗਾ," ਇਨ੍ਹਾਂ ਨੌਂਆਂ ਵਿਚੋਂ,
ਤਿੰਨ ਨਾਂ ਚੁਣ ਕੇ ਮੈਨੂੰ ਭੇਜੋ ।"

ਸਤਾਈਆਂ ਦੀ ਫ਼ਰਿਸਤ ਦੇ ਉਤੇ,
ਇਕ ਨਾਂ, ਬਸ ਇਕ ਵਾਰ ਹੀ ਆਇਆ।
ਕੋਈ ਨਾਂ, ਦੋ ਵਾਰੀ ਆਇਆ।
ਤੇ ਕੋਈ ਨੌਂ ਵਾਰ ਵੀ ਆਇਆ।

ਬਹੁਤੀ ਵਾਰੀ ਆਇਆ ਵਿਚੋਂ,
ਉਸਨੇ ਫਿਰ ਤਿੰਨ ਨਾਮ ਲੈ ਲਏ ।
ਕਹਿਣ ਲੱਗਾ ਕਿ, "ਇਕ ਇਕ ਭੇਜੋ।"

ਇਹਨਾਂ ਤਿੰਨ ਨਾਵਾਂ 'ਚੋਂ ਜਿਹੜਾ
ਬਹੁਤੀ ਵਾਰ ਫ਼ਰਿਸਤ ਤੇ ਆਇਆ,
ਉਹ ਨਾਂ 'ਪੱਛਮੀਂ ਲਹਿਰਾਂ' ਹੈ ਸੀ ।

ਪੂਰਬ ਤੋਂ ਤੁਰੀਆਂ ਸਨ ਭਾਵੇਂ,
ਹੁਣ ਲਹਿਰਾਂ, 'ਪੱਛਮੀ ਲਹਿਰਾਂ' ਨੇ ।

ਥੁਹੜੀ ਜਿਹੀ ਸਿਆਣਪ ਨਾਲ,
ਸਾਦ-ਮੁਰਾਦੇ ਢੰਗ ਦੇ ਨਾਲ,
ਉਹਨਾਂ ਨੌਂ ਜਣਿਆਂ ਨੇ ਮਿਲ ਕੇ,
ਨੌਂ ਨਾਵਾਂ ਤੋਂ, ਇਕ ਬਣਾ ਲਿਆ ।

ਆਪਣੇ ਦੇਸ਼ ਦੇ ਲੋਕਾਂ ਵਾਂਗੂੰ :

ਨਾ ਤਾਂ ਉਹਨਾਂ ਨੇ ਮੂੰਹ ਸੁਜਾਏ,
ਨਾ ਹੀ ਡਾਂਗ-ਔ-ਸੋਟਾ ਹੋਏ ।
ਨਾ ਹੀ ਆਪਣੇ 'ਦਲ' ਬਣਾਏ ।

ਲੋਕ-ਰਾਜ ਦੇ ਤੌਰ ਤਰੀਕੇ
ਨਾਲ, ਉਹਨਾਂ ਮਸਲੇ ਸੁਲਝਾਏ ।

↑ ਤਤਕਰਾ ↑

ਜ਼ਿੰਦਗੀ ਲਈ ... ... ਇਕ ਧੁੰਧਲਿਆਈ ਸੜਕ ਹੈ। ਜਿਸ ਦੇ ਨਾਲ ਨਾਲ ਬਣੀ ਪਟੜੀ ’ਤੇ ਕਿਸੇ ਉਡੀਕਵਾਨ ਦੀ ਤਰ੍ਹਾਂ ਖੜੀਆਂ, ਖੰਭਿਆਂ ਦੀਆਂ ਰੌਸ਼ਨੀਆਂ ਹਨ। ਇਕਲੌਤਾ ਮੁਸਾਫ਼ਿਰ ਜਦੋਂ ਕਿਸੇ ਰੌਸ਼ਨੀ ਦੇ ਨੇੜੇ ਨੂੰ ਹੁੰਦਾ ਹੈ ਤਾਂ ਉਸ ਦਾ ਆਪਣਾ ਪ੍ਰਛਾਵਾਂ ਪਿੱਛੇ ਨੂੰ ਚਲਾ ਜਾਂਦਾ ਹੈ। ਪਰ ਜਦ ਉਹ ਓਸ ਰੌਸ਼ਨੀ ਨੂੰ ਛੱਡ ਕੇ, ਅੱਗੇ ਲੰਘ ਤੁਰਦਾ ਹੈ ਤਾਂ ਉਹੀ ਪ੍ਰਛਾਵਾਂ ਉਸ ਦੇ ਅੱਗੇ ਆ ਜਾਂਦਾ ਹੈ। ਉਹ ਜਿੰਨਾ ਅੱਗੇ ਵਧਦਾ ਹੈ, ਪ੍ਰਛਾਵਾਂ ਓਨਾ ਲੰਬਾ ਹੁੰਦਾ ਜਾਂਦਾ ਹੈ; ਓਦੋਂ ਤਕ, ਜਦੋਂ ਕਿਸੇ ਹੋਰ ਖਿੱਚ ਦੀ ਰੌਸ਼ਨੀ ਉਸ ਨੂੰ ਫੇਰ ਪਿੱਛੇ ਨਹੀਂ ਪਾ ਦਿੰਦੀ।
... ... ਤੇ ਜਦੋਂ ਉਡੀਕਵਾਨ ਦੀ ਤਰ੍ਹਾਂ ਖੜੀਆਂ ਰੌਸ਼ਨੀਆਂ ਦੇ ਖੰਭੇ ਖ਼ਤਮ ਹੋ ਜਾਂਦੇ ਹਨ ਤਾਂ ਜ਼ਿੰਦਗੀ ਹਨੇਰੇ ਦੀ ਲਪੇਟ ਵਿਚ ਆ ਜਾਂਦੀ ਹੈ। ਸ਼ਾਇਦ ਏਸੇ ਹਨੇਰੇ ਦਾ ਦੂਸਰਾ ਨਾਮ ਮੌਤ ਹੈ।

(ਇਕ ਰੌਸ਼ਨੀ ਦੀ ਗੱਲ ਹੈ)

## ਇਕ ਪ੍ਰਛਾਵਾਂ ਅੱਗੇ

ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ;
ਕਦੇ ਤਾਂ ਆਪਣਾ ਲਗਦਾ ਹੈ ਇਹ ਕਦੇ ਪਰਾਇਆ ਲੱਗੇ।

ਮੂੰਹ-ਹਨੇਰਾ, ਸੜਕ ’ਚ ਰਾਹੀ, ਕੰਢੇ ਰੌਸ਼ਨੀਆਂ ਨੇ।
ਰੌਸ਼ਨੀਆਂ ਨੇ ਕਿ ਇਹ ਜਿੰਦਾਂ, ਸੱਜਣ ਬਣ ਖੜੀਆਂ ਨੇ?
ਸੱਜਣਾ ਦੀ ਮਿੱਠੀ ਮੁਸਕਾਹਟ, ਦਿਲ ਰਾਹੀ ਦਾ ਠੱਗੇ।
ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ।

ਦੇਰ ਹੋਈ ਕਿ ਇਕ ਸ਼ਮ੍ਹਾਂ ਨੇ, ਕਿਰਣ ਸੁਨਹਿਰੀ ਪਾਈ;
ਦਿਲ ਦੀ ਇਕ ਹਨੇਰੀ ਨੁੱਕਰ, ਅਚਨਚੇਤ ਰੁਸ਼ਨਾਈ।
ਜੋ ਪ੍ਰਛਾਵਾਂ ਪਿੱਛੇ ਬਣਿਆਂ, ਉਹ ਪ੍ਰਛਾਵਾਂ ਅੱਗੇ।
ਕਦੇ ਤਾਂ ਆਪਣਾ ਲਗਦਾ ਹੈ ਇਹ, ਕਦੇ ਪਰਾਇਆ ਲੱਗੇ।

ਸ਼ਮ੍ਹਾਂ ਵੀ ਕੈਦਣ ਸ਼ਮ੍ਹਾਂ-ਦਾਨ ਦੀ, ਰਾਹੀ ਵੀ ਨਹੀਂ ਬਹਿਣਾ;
ਲੰਬੇ ਹੁੰਦੇ ਪ੍ਰਛਾਵੇਂ ਨੇ, ਇੰਜ ਹੀ ਅੱਗੇ ਰਹਿਣਾ।
ਨਾ ਨ੍ਹੇਰਾ, ਨਾ ਚਾਨਣ ਕੋਈ ਏਧਰ ਆਉਂਦਾ ਲੱਗੇ।
ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ।

↑ ਤਤਕਰਾ ↑

## ਤੂੰ ਤੇ ਮੈਂ

ਮੈਂ ਤੇਰਾ ਸਾਗਰ ਹਾਂ, ਤੂੰ ਮੇਰੀ ਜ਼ਮੀ।
ਪੂਰਦੇ ਹਾਂ, ਇੱਕ ਦੂਜੇ ਦੀ ਕਮੀ।

ਤੇਰੇ ਵਿਚ ਦੁਨੀਆਂ ਦੀ ਹਰ ਔਰਤ ਵਸੇ,
ਮੇਰੇ ਵਿਚ ਹੈ ਦੁਨੀਆਂ ਦਾ ਹਰ ਆਦਮੀ।

ਤੂੰ ਹੈਂ, ਜੋ ਸੂਰਜ ਨੇ ਹੰਝੂ ਕੇਰਿਆ,
ਮੈਂ, ਕਈ ਬੇਨਾਮ ਹੰਝੂਆਂ ਦੀ ਨਮੀ।

ਤੇਰੀ ਮੇਰੀ ਜੜ੍ਹ ਤਾਂ ਭਾਵੇਂ ਅਮਰ ਹੈ,
ਤੇਰੀ ਮੇਰੀ ਹੋਂਦ ਹੈ ਪਰ ਮੌਸਮੀ।

ਤੇਰੀ ਕੁੱਖ ਕਈ ਖ਼ੁਸ਼ੀਆਂ ਦੀ ਪ੍ਰਤੀਕ ਹੈ,
ਪਰ ਮੈਂ ਹਾਂ, ਅਤ੍ਰਿਪਤ-ਆਸਾਂ ਦੀ ਗ਼ਮੀ।

ਸੈਆਂ ਸਦੀਆਂ ਸ਼ਾਂਤ ਨਾ ਕਰ ਸਕੀਆਂ,
ਦੋਹਾਂ ਦੇ ਮਿਜ਼ਾਜ ਹਾਲੇ ਬਰਹਮੀ।

ਇਕ ਸੁਹਾਣੇ ਸਫ਼ਰ ਦੇ ਲਈ, ਇਕ ਥਾਂ
ਅੱਗ ਤੇ ਪਾਣੀ ਦਾ ਹੋਣਾ ਲਾਜ਼ਮੀ।

## ਮੇਰੀ ਜ਼ਿੰਦਗੀ ’ਚੋਂ ਜਾ ਕੇ

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਅੱਜ ਤੇਰਾ ਇੰਜ ਮਿਲਣਾ,
ਠੰਡਕ ਪੁਚਾ ਗਿਆ ਹੈ,
ਭਾਂਬੜ ਮਚਾ ਗਿਆ ਹੈ ।

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਜੇ ਨਜ਼ਰ ਮਿਲਾਈ ਫਿਰ ਭੀ,
ਸਮਝਾਂਗਾ, ਹੁਸਨ ਉੱਤੇ,
ਕੋਈ ਜ਼ੁਲਮ ਢਾਅ ਗਿਆ ਹੈ ।

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਜੇ ਨਜ਼ਰ ਝੁਕਾ ਲਈ ਤਾਂ,
ਸਮਝਾਂਗਾ, ਪਿਆਰ ਕੋਰਾ,
ਵਾਅਦੇ ਭੁਲਾ ਗਿਆ ਹੈ ।

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਮੁੜਕੇ ਪਿਛਾਂਹ ਨਾ ਦੇਖੀਂ,
ਉਹ ਕੌਣ ਹੈ ਜੋ ਇਕ ਥਾਂ,
ਜੀਵਨ ਬਿਤਾ ਗਿਆ ਹੈ ?

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਜੇ ਫੇਰ ਆ ਮਿਲ਼ੇਂ ਤਾਂ,
ਆਖਾਂਗਾ, “ਇਸ਼ਕ, ‘ਪ੍ਰੀਤਮ’ !
ਮੰਜ਼ਿਲ ਨੂੰ ਪਾ ਗਿਆ ਹੈ”।

↑ ਤਤਕਰਾ ↑

## ਮੈਂ ਪਰਵਾਸੀ

ਮੈਂ ਪਰਵਾਸੀ, ਮੈਂ ਪਰਵਾਸੀ,
ਮੇਰਾ ਦੂਰ ਟਿਕਾਣਾ।
ਚਾਰ ਦਿਨਾਂ ਲਈ ਘਰ ਆਇਆ ਹਾਂ,
ਮੈਂ ਵਾਪਸ ਮੁੜ ਜਾਣਾ।

ਇਕ ਨਿਰਮੋਹੀ ਧਰਤੀ ਉੱਤੇ,
ਜਦ ਵੀ ਦਿਲ ਭਰ ਆਇਆ,
ਮਿੱਟੀ ਦਾ ਮੋਹ ਮਾਨਣ ਦੇ ਲਈ,
ਵਤਨੀਂ ਫੇਰਾ ਪਾਇਆ।

ਮਿਹਨਤ ਅਤੇ ਮੁਸ਼ੱਕਤ ਵਾਲੀ
ਮੇਰੀ ਨੇਕ ਕਮਾਈ,
ਕੁਝ ਲੱਗੀ ਲੋੜਾਂ ਦੇ ਲੇਖੇ,
ਕੁਝ ਭਾੜੇ ਵਿਚ ਲਾਈ।

ਪ੍ਰਦੇਸਾਂ ਵਿਚ ਆਪਣਿਆਂ ਦੇ,
ਪੈਂਦੇ ਰਹੇ ਭੁਲੇਖੇ।
ਮਾਂ ਪਿਓ ਪਿੱਛੇ ਛੱਡ ਗਿਆ ਸੀ,
ਉਹ ਜੀਂਦੇ ਨਾ ਦੇਖੇ।

ਆਪਣਾ ਦੇਸ਼ ਨਾ ਰੋਜ਼ੀ ਦੇਵੇ,
ਬਾਹਰ ਜਾਵੇ ਕੋਈ,
ਜੀਂਦੇ ਹੀ ਪਰਵਾਸੀ ਦੇ ਘਰ,
ਬੀਵੀ ਵਿਧਵਾ ਹੋਈ।

ਵਤਨਾਂ ਵਾਲਿਓ! ਸਾਡੇ ਉੱਚੜੇ,
ਜ਼ਖ਼ਮਾਂ ਨੂੰ ਭਰ ਦੇਣਾ,
ਆਪਣੇ ‘ਨਵੇਂ-ਸਾਲ’ ਦਾ ਇਕ ਦਿਨ,
ਸਾਡੇ ਨਾਂ ਕਰ ਦੇਣਾ।

↑ ਤਤਕਰਾ ↑

# ਉਹ ਜੀਵਨ ਦਾ ਰਸ ਕੀ ਮਾਣੇ!

ਇਕ ਹੁਸਨ ਜੋ ਗੰਨੇ ਤੋਂ ਗੋਰਾ,
ਇਕ ਹੁਸਨ ਜੋ ਗੰਨੇ ਤੋਂ ਉੱਚਾ,
ਇਕ ਹੁਸਨ ਜੋ ਖੋਰੀ ਵਿਚ ਦਮਕੇ,
ਇਕ ਹੁਸਨ ਜੋ ਗੰਨੇ ਤੋਂ ਮਿੱਠਾ।
ਜਿਹਨੇ 'ਗੁੜ ਦੀ ਪੇਸੀ' ਹੀ ਦੇਖੀ,
ਜਿਹਨੇ ਛੰਨੇ ਵਿਚ ਸ਼ੱਕਰ ਦੇਖੀ,
ਉਹ ਓਸ ਹੁਸਨ ਨੂੰ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ?

ਜਿਸ ਨੇ ਨਹੀਂ ਦੇਖਿਆ ਜੀਵਨ ਵਿਚ,
ਕਿਸੇ ਸੁਬਹ ਨੂੰ ਅੱਖਾਂ ਪੁੱਟਦੀ ਨੂੰ।
ਕਿਸੇ ਜੀਵਨ ਪੈਦਾ ਹੁੰਦੇ ਨੂੰ,
ਕਿਸੇ ਨਵੀਂ ਕਰੂੰਬਲ ਫੁੱਟਦੀ ਨੂੰ।
ਜਿਹਨੇ ਸ਼ਮ੍ਹਾਂ-ਦਾਨ ਜਗਾਏ ਨੇ।
ਜਿਹਨੇ ਫੂਲ-ਦਾਨ ਸਜਾਏ ਨੇ।
ਉਹ ਓਸ ਹੁਸਨ ਨੂੰ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ?

ਜਿਸ ਲਾ-ਇਲਾਜੀ ਸਮਝੀ ਨਹੀਂ,
ਜਿਸ ਨੇ ਕੋਈ ਮਰਦਾ ਦੇਖਿਆ ਨਹੀਂ,
ਕਿਸੇ ਫ਼ਰਜ਼ਾਂ ਹੇਠ ਲਿਤਾੜੇ ਦਾ,
ਜਿਸਨੇ ਕੋਈ ਕਫ਼ਨ ਸਮੇਟਿਆ ਨਹੀਂ,
ਜੋ ਕਦੀ ਵੀ ਰੋਗੀ ਨਹੀਂ ਹੋਇਆ,
ਜੋ ਕਦੀ ਵੀ ਸੋਗੀ ਨਹੀਂ ਹੋਇਆ।
ਉਹ ਜੀਵਨ ਦਾ ਰਸ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ?

ਜੋ ਆਪਣੇ ਜੀਵਨ ਦੇ ਅੰਦਰ,
ਧਰਮਾਂ ਤੋਂ ਉੱਚਾ ਹੋਇਆ ਨਾ,
ਜੋ ਕਿਸੇ ਦੀ ਖ਼ੁਸ਼ੀ 'ਚ ਹੱਸਿਆ ਨਾ,
ਜੋ ਕਿਸੇ ਦੇ ਗ਼ਮ ਵਿਚ ਰੋਇਆ ਨਾ।
ਜੋ ਜੀਵਨ ਦੇ ਰਾਹ ਚੱਲਦਿਆਂ,
ਬਿਰਹਾ ਨਾ ਪਿੱਛੇ ਛੱਡ ਸਕਿਆ,
ਉਹ ਸ਼ਖ਼ਸ 'ਅਨੰਦ' ਨੂੰ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ।

↑ ਤਤਕਰਾ ↑

## ਕੁਝ ਸ਼ੇਅਰ

ਸੁਖ ਦੇਵੇ ਤਾਂ ਸੁਖ ਲੈ ਲੈਣਾ,
ਜੇ ਦੁੱਖ ਦੇਵੇ ਤਾਂ ਦੁੱਖ ਜਰਨਾ,
ਹਰ 'ਪਲ' ਦੀ ਆਪਣੀ ਇੱਜ਼ਤ ਹੈ,
'ਹਰ ਇਕ ਪਲ' ਦੀ ਇੱਜ਼ਤ ਕਰਨਾ।

ਦੁਨੀਆਂਦਾਰ ਸਤਯੁਗ ਵਿਚ ਜੰਮੇ,
ਤ੍ਰੇਤਾ ਅਤੇ ਦੁਆਪਰ ਵੇਖੇ;
ਕਲਜੁਗ ਦੇ ਵਿਚ ਮਰ ਜਾਂਦਾ ਹੈ,
ਪੂਰੇ ਕਰ ਕੇ ਕੁਝ ਇਕ ਲੇਖੇ।

ਹਿੰਮਤ ਹੀ ਇਕ ਐਸਾ ਗੁਣ ਹੈ,
ਜਿਸ ਦਾ ਕਰਕੇ ਹਰ ਗੁਣ ਆਵੇ।
ਹਿੰਮਤ ਹੋਵੇ ਤਾਂ ਇਹ ਬੰਦਾ,
ਇਕ ਦਿਨ ਪਰਮ-ਪੁਰਖ ਬਣ ਜਾਵੇ।

ਪ੍ਰੀਤਮ! ਇਹ ਵੀ ਚੰਗੀ ਗੱਲ ਹੈ,
ਜੀਵਨ ਵਿਚ, ਚੰਗਿਆਈ ਪਾਉਣਾ।
ਸਭ ਤੋਂ ਵੱਡੀ ਚੰਗਿਆਈ ਹੈ,
ਜੀਵਨ ਵਿਚ, ਚੰਗਿਆਈ ਚਹੁਣਾ।

↑ ਤਤਕਰਾ ↑

## ਗ਼ਜ਼ਲ / ਅ-ਗ਼ਜ਼ਲ

1 ਇਹ ਤਬੀਅਤ ਜਦ ਖ਼ੁਦੀ ਦੇ ਰਾਹ 'ਤੇ ਆਉਂਦੀ ਰਹੀ,
ਫ਼ਲਸਫ਼ਾਦਾਨੀ ਬਰਾਬਰ ਇਸਨੂੰ ਸਮਝਾਉਂਦੀ ਰਹੀ।

ਜ਼ਿੰਦਗੀ ਨੂੰ, ਜਦ ਵੀ ਚਾਹਿਆ ਦਿਲ ਕਚਹਿਰੀ ਲੈ ਗਿਆ,
ਇਹ ਮੁਕੱਦਮਾ ਜਿੱਤ ਕੇ ਵੀ, ਇਕ ਸਜ਼ਾ ਪਾਉਂਦੀ ਰਹੀ।

ਖਾਣ ਲਈ ਕੁਝ ਬੂਰ ਦੇ ਲੱਡੂ ਹਯਾਤੀ ਨੂੰ ਮਿਲੇ,
ਖਾ ਕੇ ਪਛਤਾਉਂਦੀ ਰਹੀ, ਨਾ-ਖਾ ਕੇ ਪਛਤਾਉਂਦੀ ਰਹੀ।

ਮਸਤ-ਚਾਲੇ ਜਾ ਰਹੀ ਸੀ ਜ਼ਿੰਦਗੀ, ਪਰ ਲੱਗਿਆ,
ਕਿ ਮੁਸ਼ੱਕਤ ਦੀ ਘੜੀ ਨੂੰ, ਮੁੜ ਕੇ ਦੁਹਰਾਉਂਦੀ ਰਹੀ।

ਆਪਣੇ ਜੀਆ-ਜੰਤ ਲਈ, ਸੂਰਜ ਅਧੂਰਾ ਦੇਖ ਕੇ,
ਧਰਤੀ, ਆਪਣੇ ਗਿਰਦ ਚੱਕਰ ਰਾਤ-ਦਿਨ ਲਾਉਂਦੀ ਰਹੀ।

2 ਜ਼ਿੰਦਗੀ ਤਾਂ ਉਮਰ ਭਰ ਸੌਦਾ ਰਿਹਾ ਹੈ।
ਇਸ ਨੇ ਸਾਹ ਦੇ ਕੇ ਵੀ ਸਾਹ ਵਾਪਸ ਲਿਆ ਹੈ।

ਜ਼ਿੰਦਗੀ ਵਿਚ ਬਹੁਤ ਸੁਣਦਾ, ਬਹੁਤ ਕਹਿੰਦਾ,
ਫੇਰ ਵੀ ਇਨਸਾਨ 'ਚੁੱਪ-ਅੱਖਰ' ਜਿਹਾ ਹੈ।

ਪਾਣੀ ਵਿਚ ਮਧਾਣੀ ਪਾਈ ਕੀ ਕਰੇਗੀ,
ਇਸ ਤਰ੍ਹਾਂ ਨਾ ਕੋਈ ਮਸਲਾ ਸੁਲਝਿਆ ਹੈ।

ਦਿਨ ਦਾ ਚੜ੍ਹਨਾ, ਵਕਤ ਪਾ ਕੇ ਡੁੱਬ ਜਾਣਾ,
ਜ਼ਿੰਦਗੀ ਤੇ ਮੌਤ ਦਾ ਹੀ ਸਿਲਸਿਲਾ ਹੈ।

ਮਿਟ ਤੇ ਗਈਆਂ ਨੇ ਲਕੀਰਾਂ, ਪਰ 'ਪ੍ਰੀਤਮ'!
ਜ਼ਿੰਦਗੀ ਨੂੰ ਦੱਬ ਕੇ ਵਹੁਣਾ ਪਿਆ ਹੈ।

↑ ਤਤਕਰਾ ↑

3 ਫੁੱਲਾਂ ਦੀ ਭਰੀ ਡਾਲ਼ੀ ਕਦ ਪਤਝੜਾਂ ਦਿਖਾਲ਼ੀ,
ਹਰ ਮੱਸਿਆ ਦੀ ਰਾਤੇ ਹੁੰਦੀ ਨਹੀਂ ਦੀਵਾਲ਼ੀ।

ਜਦ ਸਾਧਨਾ ਦੇ ਰੁੱਖ ’ਤੇ ਮੁਕਤੀ ਦਾ ਬੂਰ ਆਇਆ,
ਜੀਵਨ ਦੀ ਆਰਜ਼ੂ ਨੇ, ਝੰਬੀ ਹਰੇਕ ਡਾਲ਼ੀ।

ਮੁਕਤੀ ਕਿਵੇਂ ਦਿਵਾਉਂਦੇ, ਬੰਧਨ ’ਚ ਪਾਉਣ ਵਾਲੇ,
ਧਰਮਾਂ ਦੀ ਕੈਦ ਅੰਦਰ, ਕਈਆਂ ਨੇ ਉਮਰ ਗਾਲ਼ੀ।

ਉਸ ਬਾਗ ਦੀ ਕਲੀ ਨੇ ਕਦ ਤਾਈਂ ਟਹਿਕਣਾ ਹੈ।
ਹੈ ਤਾਂ ਬਹਾਰ ਐਪਰ, ਗੁਲਚੀਂ ਹੈ ਜਿਸ ਦਾ ਮਾਲੀ।

ਲੰਘਦੇ ਨੂੰ ਰੋਕਿਆ ਨਾ ਡਿੱਗੇ ਨੂੰ ਕੋਸਿਆ ਨਾ,
ਸ਼ਮ੍ਹਾਂ ਨੇ ਚੁੱਪ ਰਹਿ ਕੇ, ਏਦਾਂ ਵੀ ਜਿੰਦ ਬਾਲ਼ੀ।

ਆਪਣੇ ਲਈ ਹੀ ਉਸ ਤੋਂ ਕੋਈ ਵਫ਼ਾ ਨਾ ਭਾਲੀਂ,
ਸਭ ਦਾ ਹੀ ਹੋਵੰਦਾ ਹੈ ‘ਪ੍ਰੀਤਮ’ ਜਿਹਾ ਮਵਾਲੀ।

4 ਰੱਦੀ ਦੇ ਕਾਗ਼ਜ਼ਾਂ ਤੋਂ ਬੇੜੀ ਬਣਾ ਲਈ,
ਬੇਚੈਨ ਤੇ ਭਟਕਦੇ ਪਾਣੀ ’ਚ ਪਾ ਲਈ।

ਪੁੱਛਦਾ ਹਾਂ ਹਰ ਕਿਸੇ ਨੂੰ ਕਿਨਾਰਾ ਵੀ ਹੈ ਕਿਤੇ?
ਐਸੀ ਪਿਆਸ ਗਹਿਰੇ ਪਾਣੀ ’ਚ ਲਾ ਲਈ।

ਕੀਤਾ ਹੈ ਯਾਦ ਜਿਸ ਨੇ ਵਿੱਛੜੇ ਪਿਆਰ ਨੂੰ,
ਉਸ ਡੁੱਬ ਜਾਣ ਵਾਲੇ, ਮੁਸ਼ਕਿਲ ਵਧਾ ਲਈ।

ਹੁਣ ਆ ਗਿਆ ਹੈ ਮੈਨੂੰ ਵਿਗੜੀ ਸੰਵਾਰਨਾ,
ਇਕ ਦਰਦ ਤੋਂ ਮੈਂ ਆਪਣੀ ਪਹਿਚਾਣ ਪਾ ਲਈ।

‘ਇਹ’ ਬੇਬਸੀ ਹੈ ਪ੍ਰੀਤਮ!, ‘ਉਹ’ ਬੇਵਫ਼ਾਈ ਹੈ।
ਇਸ ਨੇ ਨਜ਼ਰ ਮਿਲਾਈ, ਉਸ ਨੇ ਝੁਕਾ ਲਈ।

↑ ਤਤਕਰਾ ↑

5 ਮਿਲ਼ਦੀ ਰਹੀ ਕਿਸੇ ਦੀ ਮੁਹੱਬਤ ਕਦੀ ਕਦੀ,
ਹੁੰਦੀ ਰਹੀ ਨਸੀਬ 'ਚ ਜੰਨਤ ਕਦੀ ਕਦੀ।

ਉਂਜ ਕਹਿਣ ਨੂੰ ਤਾਂ ਹੁਣ ਤਕ ਸਿਆਣੇ ਹੋ ਗਏ,
ਕਰਦਾ ਹੈ ਦਿਲ ਅਜੇ ਵੀ ਸ਼ਰਾਰਤ ਕਦੀ ਕਦੀ।

ਹੋਏ ਹਜ਼ਾਰ ਰਾਂਝੇ ਤੇ ਹੀਰਾਂ, ਹਕੀਕਤਨ,
ਅਫ਼ਸਾਨਾ ਬਣ ਸਕੀ ਏ ਹਕੀਕਤ ਕਦੀ ਕਦੀ।

ਕੁਝ ਹੋਰ ਵੀ ਸਹਾਰਾ ਹੱਥਾਂ 'ਚ ਰੱਖ ਤੂੰ,
ਕਹਿੰਦੇ ਨੇ ਸਾਥ ਦਿੰਦੀ, ਕਿਸਮਤ ਕਦੀ ਕਦੀ।

ਜਵਾਨੀ ਦੇ ਜੋਸ਼ ਵੇਲ਼ੇ ਕੀਤੀ ਜੋ ਅਨਸੁਣੀ,
ਯਾਦ ਆਏਗੀ ਕਿਸੇ ਦੀ ਨਸੀਹਤ ਕਦੀ ਕਦੀ।

6 ਬੱਦਲੀਆਂ ਉੱਠ ਕੇ, ਘਟਾ ਬਣ ਵਰ੍ਹਨੀਆਂ,
ਜਜ਼ਬਿਆਂ ਨੇ ਇਹ ਸਜ਼ਾਵਾਂ ਜਰਨੀਆਂ।

ਜ਼ਿੰਦਗੀਆਂ ਦੇ ਆਸੇ ਪਾਸੇ ਭੀੜ ਹੈ,
ਮੇਲੇ ਦੇ ਵਿਚ ਆਈਆਂ ਬਾਜ਼ੀਗਰਨੀਆਂ।

ਜ਼ਿੰਦਗੀ ਦੀ ਕਸ਼ਮਕਸ਼ ਵਿਚ, ਦੋਸਤੋ!
ਬਾਜ਼ੀਆਂ ਕੁਝ ਜਿੱਤਣੀਆਂ ਕੁਝ ਹਰਨੀਆਂ।

ਜੱਗ-ਬੀਤੀ ਦੱਸ ਕੇ ਨਾ ਉਪਦੇਸ਼ ਦੇ,
ਹੱਡ-ਬੀਤੀ ਦੱਸ ਜੇ ਗੱਲਾਂ ਕਰਨੀਆਂ।

ਤਿਆਗ ਦਾ ਖੰਜਰ, ਚਲਾਵਣ ਵਾਲਿਓ!
ਛੇਤੀ ਕੀਤੇ ਹਸਰਤਾਂ ਨਹੀਂ ਮਰਨੀਆਂ।

ਹਸਰਤਾਂ, 'ਪ੍ਰੀਤਮ'! ਨੇ ਅੰਬਰ ਵਰਗੀਆਂ,
ਸਭ ਸਿਤਾਰੇ ਪਾ ਕੇ ਵੀ ਨਾ ਭਰਨੀਆਂ।

↑ਤਤਕਰਾ↑

7 ਯਾਦਾਂ ਦੀ ਪੰਡ ਚੁੱਕੀ ਤੇ ਕਦੀ ਉਤਾਰ ਲਈ,
ਏਸੇ ਤਰ੍ਹਾਂ ਹੀ ਆਪਣੀ ਜ਼ਿੰਦਗੀ ਗੁਜ਼ਾਰ ਲਈ।

ਹਰ ਸ਼ੈਅ ਦੀ ਨੇੜੇ ਆਉਂਦਿਆਂ ਹੀ ਖਿੱਚ ਮਿਟ ਗਈ,
ਕੋਈ ਦਵਾ ਨਾ ਲੱਗੀ ਦਿਲ ਦੇ ਗ਼ੁਬਾਰ ਲਈ।

ਭਾਵੇਂ ਖ਼ਿਆਲਾਂ ਵਿਚ ਹੀ ਹਰ ਸੁਖ ਨੂੰ ਮਾਣਿਆਂ,
ਪਲ ਦੋ ਪਲਾਂ ਲਈ ਇਹ ਜ਼ਿੰਦਗੀ ਸਵਾਰ ਲਈ।

ਕਿਸੇ ਦਾ ਹੁਸਨ ਵੀ ਹੈ, ਆਪਣੇ ਖ਼ਿਆਲ ਵੀ,
ਸ਼ਰਾਬ ਹੀ ਨਹੀਂ ਹੈ ਹੁੰਦੀ ਖ਼ੁਮਾਰ ਲਈ।

ਚੰਗੇਰੇਪਨ ਲਈ ਜੇ ਪੈਂਡੇ ਦੀ ਪੀੜ ਹੈ,
ਕੋਈ ਨਹੀਂ ਹੈ ਮੁਸ਼ਕਿਲ ਕੂੰਜਾਂ ਦੀ ਡਾਰ ਲਈ।

ਉਡੀਕ ਦੇ ਸਕੇ ਜੇ ਦੋ ਪਲ ਮਿਲਾਪ ਦੇ,
ਸੌ ਜਨਮ ਬਹਿ ਲਵਾਂਗਾ 'ਪ੍ਰੀਤਮ' ਦੇ ਪਿਆਰ ਲਈ।

8 ਰਾਜ਼, ਕਿਸ ਦਾ ਭਲਾ ਨਹੀਂ ਹੁੰਦਾ!
ਪਰ ਇਹ ਸਭ ਤੋਂ ਸੁਣਾ ਨਹੀਂ ਹੁੰਦਾ।

ਇੰਜ ਹੀ ਤੜਪਣਾ ਹੈ ਤੂੰ, ਜਦ ਤਕ
ਦਰਦ ਵਧ ਕੇ ਦਵਾ ਨਹੀਂ ਹੁੰਦਾ।

ਜਨੂੰਨ ਹੀ ਹੈ ਏਸ ਦੀ ਮੰਜ਼ਿਲ,
ਇਸ਼ਕ ਇਸ ਤੋਂ ਬਿਨਾ ਨਹੀਂ ਹੁੰਦਾ।

ਠੀਕ ਹੈ ਕਿ ਇਹ ਚੰਦ ਰੋਜ਼ ਬਦਲੇ,
ਪਰ ਇਹੇ ਬੇ-ਵਫ਼ਾ ਨਹੀਂ ਹੁੰਦਾ।

ਆਖਦਾ ਹੈ ਉਡੀਕਵਾਨ, "ਕਾਰਨ
ਹਰ ਸਜ਼ਾ ਦਾ, ਖ਼ਤਾ ਨਹੀਂ ਹੁੰਦਾ।"

ਕਿਵੇਂ ਉਹ ਦਿਲ ਦਾ ਚੈਨ ਭਾਲ ਸਕੇ
ਜਿਸ ਨੂੰ ਆਪਣਾ ਪਤਾ ਨਹੀਂ ਹੁੰਦਾ।

ਜਿਸ ਜਗਹ ਆਸਤਕ ਨਹੀਂ 'ਪ੍ਰੀਤਮ'
ਨਹੀਂ ਓਥੇ ਖ਼ੁਦਾ ਨਹੀਂ ਹੁੰਦਾ।

↑ ਤਤਕਰਾ ↑

9 ਆ! ਦਲਿੱਦਰ ਦੀ ਕਹਾਣੀ ਛੇੜੀਏ।
ਆਪਣੇ ਹੀ ਘਰ ਦੀ ਕਹਾਣੀ ਛੇੜੀਏ।

ਉੱਡਣ ਲੱਗਾ ਜੋ ਨਿਸ਼ਾਨਾ ਬਣ ਗਿਆ,
ਕੱਟ ਚੁੱਕੇ ਪਰ' ਦੀ ਕਹਾਣੀ ਛੇੜੀਏ।

ਦਿਲ ਅਤੇ ਦਿਮਾਗ਼ ਜਿਸ ਨੇ ਜਕੜਿਆ,
ਅੱਜ ਦੇ ਡਰ ਦੀ ਕਹਾਣੀ ਛੇੜੀਏ।

ਜਿਸ ਦੀ ਮਜ਼ਦੂਰੀ ਨੇ ਮਹਿਲ ਉਸਾਰਿਆ,
ਓਸ ਬੇਘਰ ਦੀ, ਕਹਾਣੀ ਛੇੜੀਏ।

ਧਰਮ ਦੇ ਨਾਂ 'ਤੇ ਜੋ ਚੋਣਾ ਲੜ ਰਿਹੈ,
ਉਸਦੀ ਪੱਧਰ ਦੀ ਕਹਾਣੀ ਛੇੜੀਏ।

ਜਿਸ ਨੇ 'ਰੇਸ਼ਮ' ਆਪਣੇ ਹੇਠ ਲਕੋ ਲਿਆ,
ਓਸ ਖੱਦਰ ਦੀ ਕਹਾਣੀ ਛੇੜੀਏ।

ਗੱਲਾਂ ਕਰਦੀ ਕਰਦੀ ਜਿਹੜੀ ਰੋ ਪਈ,
ਉਸ ਦੀ ਸੱਧਰ ਦੀ ਕਹਾਣੀ ਛੇੜੀਏ।

ਭਰ ਆਇਆ ਏ ਵਿਹੜਾ ਲਾਸ਼ਾਂ ਨਾਲ ਜੋ,
ਉਸ ਦੇ ਟੱਬਰ ਦੀ ਕਹਾਣੀ ਛੇੜੀਏ।

ਜਿਸਦੀ ਲੰਬਾਈ ਸਦਾ ਛੋਟੀ ਰਹੀ,
ਆਪਣੀ ਚੱਦਰ ਦੀ ਕਹਾਣੀ ਛੇੜੀਏ।

ਜਿਸ ਦੀ ਝੋਲੀ ਖਾਲੀ ਦੀ ਖਾਲੀ ਰਹੀ,
ਉਸ ਮੁਕੱਦਰ ਦੀ ਕਹਾਣੀ ਛੇੜੀਏ।

'ਪ੍ਰੀਤਮ' ਵੀ ਨਾ ਜਿਸ ਨੇ ਪ੍ਰੀਤਮ ਛੱਡਿਆ,
ਉਸ ਤਕੱਬਰ ਦੀ ਕਹਾਣੀ ਛੇੜੀਏ।

↑ ਤਤਕਰਾ ↑

10 ਅਲਖ ਮੁਕਾਉਣ ਦੀ ਗੱਲ ਕਰਦੇ ਨੇ।
ਗੰਗਾ ਨਹਾਉਣ ਦੀ ਗੱਲ ਕਰਦੇ ਨੇ।

ਜਿਹੜੀ ਗੱਲ ਕਰ ਕਰਾ ਕੇ ਅੱਕ ਗਏ ਹਾਂ,
ਉਹੀ ਦੁਹਰਾਉਣ ਦੀ ਗੱਲ ਕਰਦੇ ਨੇ।

ਇਕ ਸਵੰਬਰ ’ਚੋਂ ਜਿੱਤ ਕੇ ਆਏ ਨੂੰ,
ਫਿਰ ਆਜ਼ਮਾਉਣ ਦੀ, ਗੱਲ ਕਰਦੇ ਨੇ।

ਜੋ ਇੱਲ ਨੂੰ ਆਪ ਕੋਕੋ ਕਹਿੰਦੇ ਨੇ,
ਸਬਕ ਸਿਖਾਉਣ ਦੀ ਗੱਲ ਕਰਦੇ ਨੇ।

ਉਹ ਨੱਥ ਘੜਾਉਣ ਦੀ ਗੱਲ ਕਰਦੇ ਸੀ,
ਇਹ ਨੱਕ ਵਢਾਉਣ ਦੀ ਗੱਲ ਕਰਦੇ ਨੇ।

11 ਇਕ ਛੜੱਪਾ, ਦੋ ਛੜੱਪੇ, ਤਿੰਨ ਛੜੱਪੇ ਜ਼ਿੰਦਗੀ।
ਭਾਵੇਂ ਹਰ ਇਕ ਦਿਨ ਤੇ ਹਰ ਇਕ ਰਾਤ ਟੱਪੇ ਜ਼ਿੰਦਗੀ।

ਆਪਣੀ ਸਾਰੀ ਉਮਰ ’ਚ ਦੋ ਪਲ ਅਮਨ ਚੈਨ ਦੇ ਭਾਲਦਿਆਂ,
ਐਵੇਂ ਹੀ ਬਸ ਕਟ ਜਾਂਦੀ ਹੈ, ਰੌਲੇ-ਰੱਪੇ ਜ਼ਿੰਦਗੀ।

ਕੁਝ ਗੁਣਾ ’ਤੇ ਸੱਜਣ ਵਾਲੇ, ਕੁਝ ਗੁਣਾ ’ਤੇ ਦੁਸ਼ਮਣ ਦੇ,
ਬਸ ਆਪਣੀ ਹੀ ਲੋੜ ਮੁਤਾਬਕ, ਲਾਵੇ ਠੱਪੇ ਜ਼ਿੰਦਗੀ।

ਰਣਭੂਮੀ ਦੇ ਅੰਦਰ ਉਸ ਦਿਨ, ਇੰਜ ਦੇਖਣ ਨੂੰ ਮਿਲਿਆ ਸੀ,
ਚੱਪੇ ਚੱਪੇ ਮੌਤ ਖੜੀ ਸੀ, ਚੱਪੇ ਚੱਪੇ ਜ਼ਿੰਦਗੀ।

‘ਮਰ ਪਰੇ!’ ਦੀ ਬਦ-ਦੁਆ ਜੇ ਦੇਣੀ ਹੈ ਤਾਂ ਦੇ ਲੈਣਾ,
ਪਰ ‘ਪ੍ਰੀਤਮ’ ਨੂੰ ਇਹ ਨਾ ਕਹਿਣਾ, “ਤੈਨੂੰ ਨੱਪੇ ਜ਼ਿੰਦਗੀ”।

↑ ਤਤਕਰਾ ↑

12 ਜਦ ਤੇਰੇ ਕੋਲ ਆਪਣੇ ਹੀ ਬੋਲ ਆਉਣਗੇ,
ਤਾਂ ਦਿਲ ਦੀਆਂ ਡੂੰਘਾਈਆਂ ਨੂੰ ਫੋਲ ਆਉਣਗੇ।

ਤੂੰ ਉਲਝਣਾ 'ਚੋਂ ਨਿਕਲੇ ਸਵਾਲਾਂ ਦੀ ਰਟ ਲਗਾ,
ਜਵਾਬ ਆਪਣੇ ਆਪ ਤੇਰੇ ਕੋਲ ਆਉਣਗੇ।

ਜੇ ਆਪਣੇ ਖ਼ਿਆਲਾਤ ਹੀ ਸ਼ੀਰੀਂ ਨਾ ਹੋ ਸਕੇ,
ਵਾਤਾਵਰਣ ਦੇ ਅੰਦਰ ਜ਼ਹਿਰ ਘੋਲ ਆਉਣਗੇ।

ਉਹ ਖੋਖਲੇ ਨੇ, ਜਿਹੜੇ ਭਾਰਾਂ 'ਤੇ ਪੈ ਰਹੇ,
ਪਰਖੇ ਗਏ ਤਾਂ ਸਾਹਵੇਂ ਨਵੇਂ-ਤੋਲ ਆਉਣਗੇ।

ਜੇ ਤੇਰੇ 'ਕੰਮ', ਤੇਰੀ ਸਿਫ਼ਾਰਤ ਨਾ ਕਰ ਸਕੇ,
ਗਲੀਆਂ ਦੇ ਵਿਚ ਵਕਾਰ ਤੇਰਾ ਰੋਲ ਆਉਣਗੇ।

13 ਮੁਹੱਬਤਾਂ ਦੀ ਯਾਦ ਆਈ, ਮਲਾਮਤਾਂ ਦੀ ਯਾਦ ਆਈ।
ਸੁਪਨਿਆਂ ਦੀ ਯਾਦ ਅੰਦਰ, ਹਕੀਕਤਾਂ ਦੀ ਯਾਦ ਆਈ।

ਜ਼ਿੰਦਗੀ ਦੇ ਸਫ਼ਰ ਅੰਦਰ, ਧੁੱਪ ਹੈ ਸੀ, ਛਾਂ ਵੀ ਹੈ ਸੀ,
ਮੁਸੀਬਤਾਂ ਦੀ ਯਾਦ ਆਈ, ਗ਼ਨੀਮਤਾਂ ਦੀ ਯਾਦ ਆਈ।

ਪ੍ਰੀਤ-ਮੰਦਰ ਵੱਲ ਤੁਰੇ ਸੀ, ਜਾ ਕੇ ਪਹੁੰਚੇ ਦੁਕਾਨ ਅੰਦਰ,
ਪਰ ਖਾਲੀ ਹੀ ਮੁੜਨ ਦੀਆਂ, ਕੀਮਤਾਂ ਦੀ ਯਾਦ ਆਈ।

ਜਨੂੰਨ ਬਣੀਆਂ ਹਸਰਤਾਂ ਦਾ, ਐਸਾ ਇਕ ਤੂਫ਼ਾਨ ਆਇਆ,
ਜੁੱਰਤਾਂ ਦੀ, ਹਿੰਮਤਾਂ ਦੀ, ਵਹਿਸ਼ਤਾਂ ਦੀ ਯਾਦ ਆਈ।

ਇੰਜ ਮਿਲੇ ਕਿ ਜ਼ਿੰਦਗੀ ਵਿਚ ਜਿਵੇਂ ਕੋਈ ਅਨਜਾਣ ਮਿਲਿਆ,
ਉਹ ਜੋ ਬੇ-ਪਹਿਚਾਣ ਹੋਈਆਂ, ਕੁਰਬਤਾਂ ਦੀ ਯਾਦ ਆਈ।

14 ਭੁੱਲਿਆਂ ਭਟਕਿਆਂ ਅੱਗੇ, ਚੌਰਾਹਿਆਂ ਬਾਤ ਪਾਈ ਹੈ।
ਕੋਈ ਤਾਂ ਸੇਧ ਦੇ ਦੇਵੇ, ਕੁਰਾਹਿਆਂ ਬਾਤ ਪਾਈ ਹੈ।

ਆਪਣੀ ਹੋਂਦ, ਮਿਟਦੀ ਜਾ ਰਹੀ ਦਾ ਵਾਸਤਾ ਪਾ ਕੇ,
ਇਕੱਠਿਆਂ ਤੁਰਦਿਆਂ ਅੱਗੇ, ਦੋਰਾਹਿਆਂ ਬਾਤ ਪਾਈ ਹੈ।

ਕੋਈ ਵੀ ਨਜ਼ਰ ਨਹੀਂ ਆਇਆ, ਇਹ ਗੋਲੀ ਕਿਸ ਚਲਾਈ ਹੈ?
ਪਿੰਡ ਦੀ ਸੁੰਨ ਵਿਚ, ਗਲੀਆਂ ਪਵਾਹਿਆਂ ਬਾਤ ਪਾਈ ਹੈ।

'ਮਾਰਨ ਵਾਲਿਓ! ਕਿਹੜਾ ਧਰਮ ? ਤੇ ਉਸ ਦੇ ਕੀ ਗੁਣ ਨੇ?'
ਧਰਮ ਦੇ ਨਾਮ 'ਤੇ, ਗੱਡੀ 'ਚੋਂ ਲਾਹਿਆਂ ਬਾਤ ਪਾਈ ਹੈ।

ਜਿਨ੍ਹਾਂ ਫਾਂਸੀ ਦੇ ਰੱਸਿਆਂ ਤੋਂ ਬੁਣੇ, ਸੁਹਾਵਣੇ ਸੁਪਨੇ,
ਅਸਾਡੀ ਦੁਰਦਸ਼ਾ ਤੱਕ ਕੇ, ਜੁਲਾਹਿਆਂ ਬਾਤ ਪਾਈ ਹੈ।

ਜੀਵਨ ਦਾ ਭਰੋਸਾ ਕੀ? ਭਲਕ ਆਵੇ ਜਾਂ ਨਾ ਆਵੇ,
ਅਕਸਰ ਇੰਜ ਕਹਿ ਕੇ, ਬੇਵਿਸਾਹਿਆਂ ਬਾਤ ਪਾਈ ਹੈ।

15 ਕੌਣ ਕਹਿੰਦਾ ਹੈ ਕਿ ਮੰਦਰ ਵਿਚ ਖ਼ੁਦਾ ਹੁੰਦਾ ਨਹੀਂ?
ਦੋਸਤੋ! ਭਗਵਾਨ, ਮਸਜਿਦ ਤੋਂ ਜੁਦਾ ਹੁੰਦਾ ਨਹੀਂ।

ਮਿਰਗ-ਤ੍ਰਿਸ਼ਨਾ, ਮੰਦਰਾਂ ਤੇ ਮਸਜਿਦਾਂ ਵਿਚਕਾਰ ਹੈ,
ਦੇਖਣ ਨੂੰ ਲਗਦਾ ਤਾਂ ਹੈ, ਪਰ 'ਫ਼ਾਸਲਾ' ਹੁੰਦਾ ਨਹੀਂ।

'ਰਾਮ' ਤੋਂ 'ਅੱਲ੍ਹਾ', ਜ਼ੁਬਾਨਾਂ, ਭਾਸ਼ਾਵਾਂ ਵਿਚ ਵੱਖਰਾ,
ਪਿਆਰ ਦੀ ਬੋਲੀ ਦੇ ਵਿਚ 'ਇਹ' ਵੱਖਰਾ ਹੁੰਦਾ ਨਹੀਂ।

ਰੱਬ ਦਾ ਘਰ ਢਾਉਣ ਆਏ, ਦਰਵਾਜ਼ਾ ਨਾ ਢਾ ਸਕੇ,
ਉਨ੍ਹਾਂ ਨੂੰ ਤਾਂ ਇਸ ਦਾ ਕੋਈ ਥਹੁ -ਪਤਾ ਹੁੰਦਾ ਨਹੀਂ।

ਦੁਖੀਆਂ ਦੀ ਸੇਵਾ ਕਰਦਿਆਂ ਜੋ ਨਮਾਜ਼ਾਂ ਭੁੱਲ ਗਿਆ,
'ਅੱਲ੍ਹਾ ਦੀ ਦਰਗਾਹ' ਦੇ ਵਿਚ, ਉਹ ਬੁਰਾ ਹੁੰਦਾ ਨਹੀਂ।

ਇਸ ਖ਼ੁਸ਼ੀ ਦੀ ਕੀ ਕਦਰ ਹੈ, ਕਿਸ ਤਰ੍ਹਾਂ ਜਾਣੇ ਕੋਈ,
ਜਦ ਤਾਈਂ ਜੀਵਨ ਦੇ ਅੰਦਰ, ਹਾਦਸਾ ਹੁੰਦਾ ਨਹੀਂ।

ਜਿਸ ਦਾ ਪੇਸ਼ਾ ਪ੍ਰੀਤ ਹੈ ਤੇ ਜਿਸ ਦਾ ਜੀਵਨ ਪ੍ਰੀਤ ਹੈ,
ਬਾਵਫ਼ਾ ਬਣ ਕੇ, ਉਹ 'ਪ੍ਰੀਤਮ', ਬੇਵਫ਼ਾ ਹੁੰਦਾ ਨਹੀਂ।

16 ਜਿਹਨੂੰ ਜਦ ਬੁਲਾਵਾਂ ਆ ਸਕੇ, ਮੈਨੂੰ ਉਸ ਖ਼ੁਸ਼ੀ ਦੀ ਤਲਾਸ਼ ਹੈ।
ਤੇ ਜਾਂ ਇਸ ਤਰ੍ਹਾਂ ਵੀ ਕਹਿ ਲਵੋ, ਮੈਨੂੰ ਬੇਖ਼ੁਦੀ ਦੀ ਤਲਾਸ਼ ਹੈ।

ਹਿੰਦੂ, ਈਸਾਈ, ਪਾਰਸੀ, ਮੁਸਲਿਮ, ਯਹੂਦੀ, ਸਿੱਖ ਮਿਲੇ,
ਇਸ 'ਮੇਰੇ ਤੇਰੇ' ਜਹਾਨ ਵਿਚ, ਇਕ ਆਦਮੀ ਦੀ ਤਲਾਸ਼ ਹੈ।

ਜੋ ਅਰੋਗ ਹੈ, ਆਜ਼ਾਦ ਹੈ, ਨਿਡਰ ਵੀ, ਬਾ-ਖ਼ਬਰ ਵੀ ਹੈ,
ਤੇ ਜੋ ਮਰ ਕੇ ਵੀ ਨਾ ਮਰ ਸਕੇ, ਉਸ ਜ਼ਿੰਦਗੀ ਦੀ ਤਲਾਸ਼ ਹੈ।

ਅੱਜ ਦੀ ਲੋ 'ਚ ਹਰ ਕੋਈ ਬਸ ਆਪਣਾ ਆਪ ਹੀ ਤੱਕ ਸਕੇ,
ਜੋ ਸਾਰਾ ਜਹਾਨ ਦਿਖਾ ਸਕੇ, ਉਸ ਰੌਸ਼ਨੀ ਦੀ ਤਲਾਸ਼ ਹੈ।

ਮੇਰੀ ਭਾਲ ਨੇ, ਕੁਝ ਭਟਕ ਕੇ, ਰਾਹ ਆਪਣੇ ਇੰਜ ਬਣਾ ਲਏ,
ਕਿ ਨਾ ਹਮਸਫ਼ਰ ਦੀ ਤਲਾਸ਼ ਹੈ, ਨਾ ਰਹਿਬਰੀ ਦੀ ਤਲਾਸ਼ ਹੈ।

17 ਉਂਜ ਤੇ ਆਖਣ ਨੂੰ, ਹਮਰਾਜ਼ ਬਣਾਈ ਰੱਖੇ,
ਫਿਰ ਵੀ ਇਸ ਦਿਲ ਨੇ ਕਈ ਰਾਜ਼ ਛੁਪਾਈ ਰੱਖੇ।

ਜਾਣਦੇ ਹੋਏ ਭਲਾ, ਕਿਉਂ ਕੋਈ ਅਨਜਾਣ ਬਣੇ?
ਆਪਣੇ ਸੀਨੇ 'ਤੇ, ਇਕ ਬੋਝ ਉਠਾਈ ਰੱਖੇ!

ਕਿੰਨਾ ਹਨੇਰ ਮਚਾਉਂਦੀ ਹੈ ਜ਼ਾਤ ਆਦਮ ਦੀ,
ਆਪਣੀ ਲੋੜ ਲਈ ਦੀਵੇ ਨੂੰ ਜਲਾਈ ਰੱਖੇ।

ਮੈਂ ਅੱਜ ਫੇਰ ਚਿੜਾਇਆ ਹੈ ਮੂੰਹ ਸ਼ੀਸ਼ੇ ਨੂੰ,
ਭਾਵ ਦਿਲ ਦੇ ਮੈਂ ਚਿਹਰੇ ਤੋਂ ਮਿਟਾਈ ਰੱਖੇ।

ਹਰ ਨਵੇਂ ਦਿਨ ਹੀ, ਤੂਫ਼ਾਨ ਖੜਾ ਹੋ ਜਾਵੇ,
ਕਿੰਨੀ ਕੁ ਦੇਰ ਕੋਈ ਪੈਰ ਜਮਾਈ ਰੱਖੇ!

ਉਹਦੀ ਖ਼ੁਸ਼ੀ ਦੇ ਵਿਚ ਹੀ ਹੈ ਜੇ ਖ਼ੁਸ਼ੀ 'ਪ੍ਰੀਤਮ'
ਤਾਂ ਕੀ ਫ਼ਰਕ ਜੇ ਹਸਾਈ ਜਾਂ ਰੁਆਈ ਰੱਖੇ।

↑ਤਤਕਰਾ↑

18 ਸਜਦਾ ਕੀਤਾ ਤੇ ਨਾ ਗਿਲਾ ਕੀਤਾ ।
ਜੋ ਵੀ ਕੀਤਾ ਹੈ ਉਹ ਖਰਾ ਕੀਤਾ ।

ਕੋਈ ਚਾਹਤ, ਜਦੋਂ ਜਨੂੰਨ ਬਣੀ,
ਮਰਨ ਮਾਰਨ ਦਾ ਫ਼ੈਸਲਾ ਕੀਤਾ ।

ਹੋਰ ਵੀ ਕਈ ਤਸੀਹੇ ਹੁੰਦੇ ਨੇ,
ਤੂੰ ਤੇ ਵਾਅਦੇ ਨੂੰ ਹੀ ਸਜ਼ਾ ਕੀਤਾ ।

ਜਿੱਥੇ ਰਿਹਾ ਹਾਂ, 'ਸ਼ੌਕ' ਕੋਲ਼ ਰਿਹਾ,
ਜੋ ਵੀ ਕੀਤਾ ਹੈ, ਬੇ-ਖ਼ਤਾ ਕੀਤਾ ।

ਜਦੋਂ ਰਾਤੀਂ ਗ਼ਮਾਂ ਨੇ ਘੇਰ ਲਿਆ,
ਸੁਹਾਣੇ ਖ਼ਵਾਬ ਦਾ ਨਸ਼ਾ ਕੀਤਾ ।

ਇਸ ਗ਼ਰਜ਼ ਦਾ ਜਨਾਬ ਕੀ ਕਹਿਣਾ,
ਇਸ ਨੇ ਭਲਿਆਂ ਨੂੰ ਵੀ ਬੁਰਾ ਕੀਤਾ ।

ਇਹ ਆਜ਼ਾਦੀ ਦੀ ਤਾਂਘ ਹੈ, ਜਿਸਨੇ,
ਕੋਈ ਹਵਾ[1], ਕੋਈ ਘਟਾ[2] ਕੀਤਾ ।

ਜਿਸਮ ਤੇ ਰੂਹ ਦੂਰ ਦੂਰ ਮਿਲ਼ੇ,
ਜਦ ਕਦੀ ਆਪਣਾ ਸਾਹਮਣਾ ਕੀਤਾ ।

---

1. ਫ਼ਰਾਰ 2. ਸ਼ਹੀਦ

↑ਤਤਕਰਾ↑

19 ਜ਼ਿੰਦਗੀ ਦਾ ਜਵਾਬ ਕੀ ਹੋਵੇ ?
ਨਾ ਹੋਵੇ ਲਾਜਵਾਬ, ਕੀ ਹੋਵੇ ?

ਮੌਤ ਹੈ, ਰਿਸ਼ਤਿਆਂ ਦਾ ਢਕ ਦੇਣਾ,
ਇਸ ਤੋਂ ਵਧ ਬੇਨਕਾਬ ਕੀ ਹੋਵੇ ?

ਜ਼ਿੰਦਗੀ ਮਹਿਕ ਹੈ ਤਾਂ ਬਦਬੋ ਵੀ,
ਕੰਡਿਆਂ ਬਿਨ ਗੁਲਾਬ ਕੀ ਹੋਵੇ ?

ਤਾਰਿਆਂ ਨਾਲ ਦਰਦ ਦਾ ਰਿਸ਼ਤਾ,
ਨਾ ਹੋਵੇ ਬੇਹਿਸਾਬ, ਕੀ ਹੋਵੇ ?

ਜਿੱਥੇ ਅੱਖਾਂ 'ਚ ਲੋੜਾਂ ਰੜਕਦੀਆਂ,
ਓਥੇ ਦਿਲ ਦਾ ਖ਼ਵਾਬ ਕੀ ਹੋਵੇ ?

ਜਿਸਦੇ ਆਪਣੇ ਹੀ ਖ਼ੂਨ ਪੀਂਦੇ ਨੇ,
ਉਸਦੇ ਚਿਹਰੇ ਤੇ ਆਬ ਕੀ ਹੋਵੇ?

ਰੁੱਤ ਆਵੇ ਤਾਂ ਫੁੱਲ ਖਿੜ ਜਾਵੇ,
ਇਸ ਤੋਂ ਵਧ ਕੇ ਸ਼ਬਾਬ ਕੀ ਹੋਵੇ?

ਰੋਂਦਿਆਂ ਦੇਖ ਕੇ ਜੋ ਛੱਡ ਜਾਵੇ,
ਮੌਤ, ਪਾਂਧੀ, ਉਕਾਬ ਕੀ ਹੋਵੇ ?

↑ਤਤਕਰਾ↑

20 ਅਰਥ ਭਰੀ ਨਿਗਾਹ ਹੈ ਤੇਰੀ, ਭੇਦ ਭਰੀ ਮੁਸਕਾਨ।
ਦੇਖ ਕੇ ਚੱਕਰ ਵਿਚ ਪੈ ਜਾਵੇ, ਸਾਦਾ-ਦਿਲ ਇਨਸਾਨ।

ਤੇਰੀ 'ਲਾਜ', ਅਦਾਵਾਂ ਬਣ ਕੇ, ਗੁੱਝੀਆਂ ਰਮਜ਼ਾਂ ਮਾਰੇ,
ਆਪਣੀ ਗੱਲ ਸਮਝਾਉਣਾ ਚਾਹਵੇ, ਜਿਵੇਂ ਕੋਈ ਸ਼ੈਤਾਨ।

ਸੰਘਣੇ ਪੱਤਿਆਂ ਵਿੱਚੋਂ ਹੋ ਕੇ, ਠੰਡੀ 'ਵਾ ਆਈ ਹੈ,
ਵਿਰਲੇ ਵਿਰਲੇ, ਨਿੱਘੇ ਨਿੱਘੇ, ਜਾਗੇ ਨੇ ਅਰਮਾਨ।

ਤੇਰੀ ਤਪਸ਼ ਵੀ ਮਿਟਣਾ ਚਾਹਵੇ ਤੇ ਮੈਂ ਵੀ ਨਿੱਘ ਭਾਲਾਂ,
ਡਰਦਾ ਹਾਂ ਕਿਤੇ ਦੋਵੇਂ ਮਿਲ ਕੇ ਲੈ ਨਾ ਅਉਣ ਤੂਫ਼ਾਨ ।

ਹਾਲੇ ਤਕ 'ਤੇਰੇ ਚਿਹਰੇ ਦਾ ਅਹਿਸਾਸ' ਮੇਰੇ ਹੱਥਾਂ ਨੂੰ,
'ਇਹ' ਹੱਥਾਂ ਦੀ ਦੁਨੀਆਂ ਸਾਰੀ, 'ਇਹ' ਹੱਥਾਂ ਦੀ ਜਾਨ।

'ਪੱਥਰ-ਘਾੜੇ' ਨੇ ਪੱਥਰ ਵਿਚ, ਆਪਣੀ ਰੂਹ ਪਾਈ ਹੈ,
ਏਸੇ ਕਰਕੇ ਕਹਿੰਦਾ ਹਾਂ ਮੈਂ , ਬੁੱਤਾਂ ਨੂੰ ਭਗਵਾਨ।

ਫਲ ਦੇ ਨਾਲ਼ ਭਰੀ ਟਾਹਣੀ ਜਦ ਖਿੜ ਕੇ ਖੇੜਾ ਹੋਈ,
ਹੌਲੀ ਦੇ ਕੇ ਕੰਨ ਦੇ ਵਿਚ ਕੁਝ ਆਖ ਗਿਆ ਅਸਮਾਨ।

ਦੇਖ 'ਪ੍ਰੀਤਮ'! ਭਾਲ ਤੇਰੀ ਵਿਚ ਕਿੱਥੇ ਕਿੱਥੇ ਪਹੁੰਚੇ,
ਨਾ ਛੱਡਿਆ ਕੋਈ ਬਾਗ ਬਗੀਚਾ, ਨਾ ਛੱਡਿਆ ਸ਼ਮਸ਼ਾਨ।

21 ਭਰੋਸਾ, ਜੇ ਕਿਸੇ ਤੇ ਨਹੀਂ ਤਾਂ ਉਸਦੀ ਦੋਸਤੀ ਕਾਹਦੀ ?
ਆਪਣੇ ਆਪ ਤੇ ਵਿਸ਼ਵਾਸ ਨਹੀਂ ਤਾਂ ਜ਼ਿੰਦਗੀ ਕਾਹਦੀ ?

ਸੱਜਣ ਨੇ ਤਾਂ ਕੀ ਹੋਇਆ! ਉਲਾਂਭਾ ਕਿਉਂ ਨਹੀਂ ਦੇਣਾ ?
ਕਿ ਆਪਣਾ ਹੱਕ ਮੰਗਣ ਦੇ ਲਈ ਸ਼ਰਮਿੰਦਗੀ ਕਾਹਦੀ ?

ਮੈਂ, 'ਭਾਈਆਂ' ਦੇ ਸਤਾਏ ਨਾਸਤਕ ਨੂੰ ਆਖਦੇ ਸੁਣਿਆਂ,
ਜੋ ਧਰਮਾਂ ਤੋਂ ਉਤਾਂਹ ਨਾ ਲੈ ਜਾਵੇ ਉਹ ਬੰਦਗੀ ਕਾਹਦੀ ?

ਖ਼ੁਦਾ ਜੇ ਹਰ ਜਗਹ ਹੁੰਦਾ ਤਾਂ ਦੁਨੀਆਂ ਕਿਉਂ ਦੁਖੀ ਹੁੰਦੀ?
ਮਿਟਾ ਸਕਦੀ ਨਹੀਂ ਜੋ ਨ੍ਹੇਰ ਨੂੰ, ਉਹ ਰੌਸ਼ਨੀ ਕਾਹਦੀ ?

ਉਹ, ਜਿਹੜਾ ਸੱਤ ਰੰਗਾਂ ਨੂੰ ਵੀ, ਇੱਕੋ ਰੰਗ ਕਹਿੰਦਾ ਹੈ,
ਜੇ ਹੈ ਉਹ ਸਾਉਣ ਦਾ ਅੰਨ੍ਹਾਂ ਤਾਂ ਨਾਰਾਜ਼ਗੀ ਕਾਹਦੀ?

ਆਦਮ-ਜ਼ਾਤ ਪਸੂਆਂ ਵਾਂਗ ਹੀ ਜੰਮਦੀ ਤੇ ਮਰਦੀ ਹੈ,
ਜੇਕਰ ਵਰਤਾਓ ਨਹੀਂ ਚੰਗਾ ਤਾਂ ਹੈਰਾਨਗੀ ਕਾਹਦੀ ?

ਲੀਹਾਂ ਤੋਂ ਪਰੇ ਵੀ ਘੇਰਿਆਂ ਲਈ ਥਾਂ ਬੜੀ ਖਾਲੀ,
ਨਵਾਂ ਕੇਂਦਰ ਬਣਾਵੇ ਨਾ ਤਾਂ ਉਹ ਆਵਾਰਗੀ ਕਾਹਦੀ ?

ਮਰੇ ਹੋਇਆਂ ਨੂੰ, ਦੁੱਖ ਨਾ ਸੁਖ ਕਦੇ ਮਹਿਸੂਸ ਹੁੰਦੇ ਨੇ,
ਗ਼ਮਾਂ ਦੇ ਦੌਰ ਵਿਚ 'ਪ੍ਰੀਤਮ' ਖ਼ੁਸ਼ੀ ਲਈ ਖ਼ੁਦਕਸ਼ੀ ਕਾਹਦੀ ?

↑ ਤਤਕਰਾ ↑

22 ਕੋਈ ਜਾਣੇ ਤਾਂ ਕੀ ਜਾਣੇ ? ਗੁਮਨਾਮ ਦੀ ਕਹਾਣੀ ।
ਮੈਂ ਦੱਸਾਂ ਤਾਂ ਕੀ ਦੱਸਾਂ ? ਤੇਰੇ ਨਾਮ ਦੀ ਕਹਾਣੀ ।

ਕੁਝ ਕਰਨ ਤੋਂ ਬਿਨਾਂ ਹੀ, ਬਦਨਾਮ ਹੋ ਨਾ ਜਾਵੀਂ,
ਬਦ ਨਾਲ਼ੋਂ ਵੀ ਬੁਰੀ ਹੈ, ਬਦਨਾਮ ਦੀ ਕਹਾਣੀ ।

ਨੈਣਾ ਦੇ ਸਾਗਰਾਂ 'ਚੋਂ, ਮਸਤੀ ਨੂੰ ਪੀਣ ਵਾਲ਼ੇ!
ਮੁੱਕਣੀ ਨਹੀਂ ਕਦੀ ਵੀ, ਇਸ ਜਾਮ ਦੀ ਕਹਾਣੀ ।

ਜ਼ਖ਼ਮੀ ਉਡੀਕ ਲੈ ਕੇ, ਇਕ ਸ਼ਾਮ ਕਿੰਜ ਤੜਪੀ ?
ਤੇਰੀ ਸੁਬਾਹ ਕਹਿ ਗਈ ਹੈ ਉਸ ਸ਼ਾਮ ਦੀ ਕਹਾਣੀ ।

ਆਦਮ ਤੋਂ ਅੱਜ ਤਾਈਂ, ਜਜ਼ਬਾਤ ਦੱਬਣੇ ਨੂੰ,
ਦੁਹਰਾਈ ਜਾ ਰਹੀ ਹੈ, ਇਲਜ਼ਾਮ ਦੀ ਕਹਾਣੀ ।

23 ਜਦ ਆਪਣੀਆਂ ਨਜ਼ਰਾਂ ਸਾਹਵੇਂ, ਆਪਣੇ ਪਿਆਰੇ ਹੁੰਦੇ ਨੇ,
ਦੁਨੀਆਂ ਦੇ ਸੁਹਣੇ ਤੋਂ ਸੁਹਣੇ ਉਹ ਨਜ਼ਾਰੇ ਹੁੰਦੇ ਨੇ ।

ਦਿਲ ਦੀ ਪੀੜ ਛੁਪਾਵਣ ਵਾਲੇ, ਹੁੰਦੇ ਵਾਂਗ ਸਮੁੰਦਰ ਦੇ,
ਉਤੋਂ ਲਹਿਰ-ਬਹਿਰ ਤੇ ਵਿਚੋਂ ਗਉਰੇ ਭਾਰੇ ਹੁੰਦੇ ਨੇ ।

ਰੋਗੀ ਦੇ ਲਈ ਵੈਦ ਵੀ ਜੇ ਰੋਗੀ ਹੋਵੇ, ਤਾਂ ਕੀ ਹੋਇਆ ?
ਨਦੀ ਨੂੰ ਸਾਗਰ ਨਾਲ ਮਿਲਾਵਣ ਲਈ, ਕਿਨਾਰੇ ਹੁੰਦੇ ਨੇ ।

ਨਾ ਕਹਿਣਾ ਬੇਜੋੜਾਂ ਨੂੰ, 'ਇਹ ਸ਼ਾਦੀ-ਸ਼ੁਦਾ ਨੇ', ਨਾ ਕਹਿਣਾ,
ਕੀ ਹੋਇਆ ਜੇ ਫੇਰੇ ਲੈ ਲਏ, ਚਾਅ ਕੁਆਰੇ ਹੁੰਦੇ ਨੇ ।

ਤੂਫ਼ਾਨਾਂ ਦਾ ਕੀ ਸ਼ਿਕਵਾ, ਤਾਕਤਵਰ ਜ਼ੋਰ ਦਿਖਾਉਣਾ ਏਂ,
ਉਹ ਡੁੱਬਦੇ ਨੇ ਜਿਨ੍ਹਾਂ ਦੇ ਕਮਜ਼ੋਰ ਸਹਾਰੇ ਹੁੰਦੇ ਨੇ ।

↑ ਤਤਕਰਾ ↑

24 ਵਫ਼ਾ ਨਾ ਭਾਲ ਕਿਸੇ ਮਨ ਦੀ ਉਚਾਈ ਅੰਦਰ,
ਇਹ ਤਾਂ ਹੁੰਦੀ ਹੈ ਰਿਸ਼ਤੇ ਦੀ ਡੂੰਘਾਈ ਅੰਦਰ ।

ਮਿਰਗ-ਤ੍ਰਿਸ਼ਨਾ ਹੀ ਨੇ ਸਤਰੰਗੀ-ਪੀਂਘ ਦੇ ਝੂਟੇ,
ਕਿਸੇ ਇਹ ਝੂਠ ਛੁਪਾਇਆ ਹੈ , ਸਚਾਈ ਅੰਦਰ ।

ਜੇ ਹਰ ਗੱਲ ਨੂੰ ਰੱਬ ਦੀ ਰਜ਼ਾ ਹੀ ਕਹਿਣਾ ਹੈ,
ਤਾਂ ਨਹੀਂ ਫ਼ਰਕ, ਭਲਾਈ ਤੇ ਬੁਰਾਈ ਅੰਦਰ ।

ਇਹ ਕਾਰਖ਼ਾਨਾ ਹੈ, ਕੋਈ ਖ਼ੁਦਾ ਦਾ ਘਰ ਤਾਂ ਨਹੀਂ,
ਕਿ ਜਿੱਥੇ ਦਾਨ ਵੀ ਸ਼ਾਮਿਲ ਹੈ, ਕਮਾਈ ਅੰਦਰ ।

ਤਨ ਦੇ ਰੋਗ ਨੂੰ, ਤਨ ਆਪੇ ਦੂਰ ਕਰ ਸਕਦੈ,
ਐਵੇਂ ਵਿਸ਼ਵਾਸ ਹੈ ਲੋਕਾਂ ਦਾ, ਦਵਾਈ ਅੰਦਰ ।

ਆਪਣਾ ਹੋਵੇ ਸਹੀ, ਫਿਰ ਨਹੀਂ ਦੂਰ ਰਹਿ ਸਕਦਾ,
ਬੜੀ ਦਿਲਚਸਪ ਕਸ਼ਿਸ਼ ਹੁੰਦੀ ਜੁਦਾਈ ਅੰਦਰ ।

ਕਿਤੇ ਢੇਰੀ ਹੀ ਨਾ ਢਾਹ ਦੇਵੇ, ਥੱਕਿਆ ਰਾਹੀ,
ਇਹ ਵੀ ਇਕ ਰਾਜ਼ ਹੈ ਧਰਤੀ ਦੀ ਗੁਲਾਈ ਅੰਦਰ ।

25 ਖ਼ਬਤ ਹੋਈ ਜ਼ਿੰਦਗੀ, ਰੁਜ਼ਗਾਰ ਵਿਚ, ਪਰਿਵਾਰ ਵਿਚ।
ਗੁੰਮ ਹੈ ਹਰ ਆਦਮੀ, ਆਪਣੇ ਹੀ ਸੰਸਾਰ ਵਿਚ।

ਇਕ ਧਰਤੀ, ਇਕ ਮੌਸਮ, ਇਕ ਜੜ੍ਹ, ਇਕ ਸ਼ਾਖ਼ ਹੈ,
ਦੇਖ! ਪਰ ਕਿੰਨਾ ਫ਼ਰਕ ਹੈ, ਫੁੱਲ ਵਿਚ ਤੇ ਖਾਰ ਵਿਚ।

ਸਦੀਆਂ ਹੋਈਆਂ, ਇਸ਼ਕ ਲਈ, ਦੱਬੀ 'ਕਲੀ-ਅਨਾਰ' ਦੀ,
ਹੁਸਨ ਦੀ ਖ਼ੂਬੀ, ਕਿ ਮਹਿਕੇ, ਹਾਲੇ ਤਕ ਦੀਵਾਰ ਵਿਚ।

ਦੇਖਣ ਨੂੰ ਬਹੁਤਾ ਫ਼ਰਕ ਲਗਦਾ ਨਹੀਂ ਪਰ ਇਸ਼ਕ ਲਈ,
ਜ਼ਿੰਦਗੀ ਤੇ ਮੌਤ ਦਾ ਹੈ, ਪਾਰ ਤੇ ਉਰਵਾਰ ਵਿਚ।

ਕਿਉਂਕਿ ਇਹ ਦੋਵੇਂ ਹੀ ਰਾਹ ਜਜ਼ਬਾਤ ਦੀ ਸੰਤਾਨ ਹਨ,
ਹੈ ਮੁਨਾਸਬ ਹਰ ਕਦਮ, ਜੰਗ ਵਿਚ ਤੇ ਪਿਆਰ ਵਿਚ।

↑ ਤਤਕਰਾ ↑

26 ਤੁਰੇਗਾ, ਤੁਰੇਗਾ, ਤੁਰੇਗਾ ਸਦਾ ਹੀ ਮੇਰਾ ਕਾਫ਼ਲਾ ।
ਘਟੇਗਾ, ਘਟੇਗਾ, ਘਟੇਗਾ ਮੇਰੀ ਵਾਟ ਦਾ ਫ਼ਾਸਲਾ ।

ਤੇਰੇ ਇਸ਼ਕ ਦੇ ਇਮਤਿਹਾਨਾਂ ਦੀ ਗਿਣਤੀ, ਜਿਉਂ ਜਿਉਂ ਘਟੀ,
ਵਧੇਗਾ, ਵਧੇਗਾ, ਵਧੇਗਾ ਤੇਰੇ ਪਿਆਰ ਦਾ ਹੌਸਲਾ ।

ਕੋਈ ਜੇ ਮੁਹੱਬਤ ਦਾ ਪਿਆਸਾ ਏ, ਪਿਆਸਾ ਨਾ ਮਰ ਜਾਣ ਦੇ,
ਬਣੇ ਨਾ, ਬਣੇ ਨਾ, ਬਣੇ ਨਾ ਕਿਤੇ ਫਿਰ ਕੋਈ ਕਰਬਲਾ ।

ਮੇਰਾ ਇਸ਼ਕ ਸਾਬਤ, ਹੁਸਨ ਨੂੰ ਕਹੋ ਇਹ ਵੀ ਸਾਬਤ ਰਹੇ,
ਨਾ ਟੁੱਟੇ, ਨਾ ਟੁੱਟੇ, ਨਾ ਟੁੱਟੇ ਕਦੀ ਪਿਆਰ ਦਾ ਸਿਲਸਲਾ ।

ਤਨਾਂ ਦੀ, ਮਨਾਂ ਦੀ ਤੇ ਰੂਹਾਂ ਦੀ ਵੀ ਤਪਸ਼ ਮਿਟ ਜਾਏਗੀ,
ਵਰ੍ਹੇਗਾ, ਵਰ੍ਹੇਗਾ, ਵਰ੍ਹੇਗਾ ਜਦੋਂ ਪਿਆਰ ਦਾ ਮੇਘਲਾ।

ਤਰੱਕੀ ਦੇ ਰਾਹ 'ਤੇ ਰੁਕੇ ਨੂੰ ਨਵੀਂ ਚਾਲ ਮਿਲ ਜਾਏਗੀ,
ਆਏਗਾ, ਆਏਗਾ, ਆਏਗਾ ਜਦੋਂ ਵੀ ਕੋਈ ਜ਼ਲਜ਼ਲਾ ।

ਇਹ ਦੁਨੀਆਂ ਸਿਆਸਤ ਵਰਤ ਕੇ ਜੇ ਤੈਨੂੰ ਹਰਾ ਨਾ ਸਕੀ,
ਕਰੇਗੀ, ਕਰੇਗੀ, ਕਰੇਗੀ ਕੋਈ ਫਿਰ ਨਵਾਂ ਚੋਚਲਾ ।

ਜਦੋਂ ਤਾਈਂ 'ਪ੍ਰੀਤਮ'! ਤੂੰ ਆਪਣਾ ਚੌਗਿਰਦਾ ਨਾ ਪਹਿਚਾਣਿਆਂ,
ਰਹੇਗਾ, ਰਹੇਗਾ, ਰਹੇਗਾ ਕੋਈ ਨਾ ਕੋਈ ਤੌਖਲਾ ।

↑ ਤਤਕਰਾ ↑

27 ਜਦ ਤਾਈਂ ਆਸਾਂ ਦੇ ਨਾਲ ਰਿਸ਼ਤਿਆਂ ਦੀ ਗੱਲ ਹੈ ,
ਤਦ ਤਾਈਂ ਹੀ ਤਾਂ ਗਿਲੇ ਤੇ ਸ਼ਿਕਵਿਆਂ ਦੀ ਗੱਲ ਹੈ।

ਤਾਕਤਾਂ, ਹਕੂਮਤਾਂ, ਬਗ਼ਾਵਤਾਂ, ਸ਼ਹਾਦਤਾਂ,
ਇਹ ਸਮੇ ਦੇ ਨਾਲ ਨਾਲ ਤੁਰਦਿਆਂ ਦੀ ਗੱਲ ਹੈ।

ਮਾੜੇ ਦੇ ਕੋਲੋਂ ਤਾਂ ਕੋਈ ਉਹਦਾ ਹੱਕ ਵੀ ਖੋਹ ਲਵੇ,
ਸੱਤੀਂ ਵੀਹੀਂ ਸੌ ਬਨਾਉਣਾ ਤਕੜਿਆਂ ਦੀ ਗੱਲ ਹੈ।

ਮੇਰੀ ਕਵਿਤਾ, ਐਸ਼ ਤੇ ਆਰਾਮ ਦੇ ਨਗ਼ਮੇਂ ਨਹੀਂ,
ਜ਼ਿੰਦਗੀ ਵਿਚ ਆਈਆਂ ਮੁਸ਼ਕਿਲਾਂ ਦੀ ਗੱਲ ਹੈ।

ਨਾ 'ਪ੍ਰੀਤਮ', ਨਾ ਹੀ ਉਸਦੀ ਪ੍ਰੀਤ ਸੱਚੀ ਹੋ ਸਕੇ,
ਜਦ ਤਾਈਂ ਆਸਾਂ ਦੇ ਨਾਲ ਰਿਸ਼ਤਿਆਂ ਦੀ ਗੱਲ ਹੈ।

28 ਆਪਣੇ ਵੱਲੋਂ ਮੈਂ ਤਾਂ ਗੱਲਾਂ ਖੁੱਲ੍ਹੀਆਂ ਕਰਦਾ ਰਿਹਾ,
ਮੇਰੇ ਤੇ ਉਹਨਾਂ ਵਿਚਾਲੇ ਪਰ ਸਦਾ ਪਰਦਾ ਰਿਹਾ।

ਜਿਸ ਟਾਹਣੀ 'ਤੇ ਆਪ ਸੀ ਉਹ ਓਸੇ ਨੂੰ ਕੱਟਦਾ ਰਿਹਾ,
ਉਸ ਦੀ ਹੁਸ਼ਿਆਰੀ ਦੇ ਉੱਤੇ ਦਿਲ ਮੇਰਾ ਡਰਦਾ ਰਿਹਾ।

ਇਹ ਪਤਾ ਸੀ ਕਿ ਘੜਾ ਕੱਚਾ ਹੈ, ਇਸ ਨੇ ਡੋਬਣਾ,
ਫਿਰ ਵੀ ਮੈਂ 'ਸੋਹਣੀ' ਦੇ ਵਾਂਗੂੰ ਹਰ ਝਨਾਂ ਤਰਦਾ ਰਿਹਾ।

ਗ਼ਮ-ਘਟਾ ਨੂੰ ਜਦ ਵੀ ਯਾਦਾਂ ਘੇਰ ਕੇ ਲੈ ਆਈਆਂ,
ਨਿੱਕੀ ਨਿੱਕੀ ਬੂੰਦ ਦਾ ਮੀਂਹ, ਦੇਰ ਤਕ ਵਰ੍ਹਦਾ ਰਿਹਾ।

ਏਸ ਦੁਨੀਆਂ ਵਿਚ ਪ੍ਰੀਤਮ! ਇਹ ਤਅੱਜਬ ਤਾਂ ਨਹੀਂ,
ਕਿ ਕੋਈ ਕਰਦਾ ਰਿਹਾ ਹੈ ਤੇ ਕੋਈ ਭਰਦਾ ਰਿਹਾ।

↑ ਤਤਕਰਾ ↑

# ਅੰਤਿਕਾ

ਜਦ ਸਾਡਾ, ਸਾਡੀ ਆਪਣੀ ਹੀ,
ਸੀਮਾ ਦਾ ਡਰ ਮਿਟ ਜਾਏਗਾ,
ਤਾਂ ਉਸ ਵੇਲੇ, ਹਰ ਇਕ ਜ਼ੱਰਾ,
ਸਾਨੂੰ ਸੁੰਦਰ ਨਜ਼ਰ ਆਵੇਗਾ।

↑ ਤਤਕਰਾ ↑